॥ ਮਨ ਮੂਰਖ ਅਜਹੂ ਨਹ ਸਮਝਤ, ਸਿਖ ਦੈ ਹਾਰਿਓ ਨੀਤ ॥
॥ ਨਾਨਕ ਭਉਜਲੁ ਪਾਰਿ ਪਰੈ, ਜਉ ਗਾਵੈ ਪ੍ਰਭ ਕੇ ਗੀਤ ॥ (੫੩੬)

॥ ਤੇਗ ਬਹਾਦਰ ਸਿਮਰਿਐ, ਘਰਿ ਨੌ ਨਿਧਿ ਆਵੈ ਧਾਇ ॥ ॥ ਸਭ ਥਾਈਂ ਹੋਇ ਸਹਾਇ ॥

ਅੰਗ ੧੪੨੬ = ੧ਓ ਸਤਿਗੁਰ ਪ੍ਰਸਾਦਿ ॥ ਸਲੋਕ ਮਹਲਾ ੯ ॥

ਉਥਾਨਕਾ = ਔਰੰਗਜੇਬ ਪਿਓ ਨੂੰ ਕੈਦ ਅਤੇ ਭਰਾਵਾਂ ਦਾ ਕਤਲ ਕਰਕੇ ਰਾਜ ਤਖਤ ਤੇ ਬੈਠਾ ਸੀ, ਜਿਸ ਕਰਕੇ ਦੂਜੇ ਦੇਸ਼ਾਂ ਦੇ ਮੁਸਲਮਾਨ ਰਾਜੇ ਔਰੰਗੇ ਤੋਂ ਨਰਾਜ ਸਨ।ਔਰੰਗੇ ਵੱਲੋਂ ਭੇਜੇ ਚੰਗੇ ਚੰਗੇ ਨਜਰਾਨੇ ਮੱਕੇ ਦੇ ਮੌਲਵੀਆਂ ਨੇ ਮੋੜ ਦਿਤੇ ਸਨ, ਜਿਸ ਦਾ ਔਰੰਗੇ ਦੇ ਮਨ ਨੂੰ ਬਹੁਤਾ ਦੁੱਖ ਹੋਇਆ।ਮੱਕੇ ਦੇ ਮੌਲਵੀਆਂ ਅਤੇ ਮੁਸਲਮਿ ਦੇਸ਼ਾਂ ਦੇ ਬਾਦਸ਼ਾਹਾਂ ਨੂੰ ਅਪਣੇ ਪੱਖ ਵਿਚ ਕਰਨ ਲਈ ਔਰੰਗੇ ਨੇ ਹਿੰਦੂਆਂ ਨੂੰ ਜੋਰ ਨਾਲ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿਤਾ।ਲੱਖਾਂ ਹਿੰਦੂਆਂ ਨੂੰ ਹਰ ਰੋਜ ਜੋਰ ਨਾਲ ਮੁਸਲਮਾਨ ਬਣਾਇਆ ਜਾਂਦਾ ਸੀ, ਰੋਜ ਹਿੰਦੂਆਂ ਦੇ ਮੰਦਰ ਢਾਹ ਦਿਤੇ ਜਾਂਦੇ ਸਨ।ਅਜੇਹੇ ਦੁਖ ਦੇ ਸਮੇਂ ਗੁਰੂ ਤੇਗ ਬਹਾਦਰ ਸਹਿਬ ਨੇ ਦੁਖੀ ਹਿੰਦੂ ਜੰਤਾ ਨੂੰ ਹੋਸਲਾ ਦੇਣ ਵਾਸਤੇ ਅਸਾਮ ਤਕ ਦੌਰਾ ਕੀਤਾ ਅਤੇ ਸਿਖੀ ਨਾਲ ਲੋਕਾਂ ਨੂੰ ਜੋੜਿਆ।ਗੁਰੂ ਜੀ ਨੇ ਲੋਕਾਂ ਨੂੰ ਸਿਖਿਆ ਦਿਤੀ ਦੁੱਖ ਸਮੇਂ ਇਕ ਵਾਹਿਗੁਰੂ ਹੀ ਮਨੁੱਖ ਦਾ ਸਹਾਈ ਹੋ ਸਕਦਾ ਹੈ।ਪੰਡਤ ਕ੍ਰਿਪਾ ਰਾਮ ਦੀ ਜੱਥੇਦਾਰੀ ਹੇਠ ਕਸ਼ਮੀਰੀ ਪੰਡਤਾਂ ਦਾ ਜੱਥਾ ਗੁਰੂ ਜੀ ਕੋਲ ਮੱਦਤ ਲਈ ਪੁੱਜਾ।ਗੁਰੂ ਜੀ ਨੇ ਕਿਹਾ ਕਿਸੇ ਮਹਾਂ ਪੁਰਖ ਦੀ ਸ਼ਹੀਦੀ ਨਾਲ ਇਹ ਜੁਲਮ ਦੀ ਹਨ੍ਹੇਰੀ ਰੋਕੀ ਜਾ ਸਕਦੀ ਹੈ।ਕੋਲ ਬੈਠੇ ਆਪ ਜੀ ਦੇ ਪੁਤ੍ਰ ਗੋਬਿੰਦ ਰਾਇ ਜੀ ਨੇ ਕਿਹਾ, ਪਿਤਾ ਜੀ! ਆਪ ਤੋਂ ਵੱਡਾ ਮਹਾਂ ਪੁਰਖ ਹੋਰ ਕੌਣ ਹੋ ਸਕਦਾ ਹੈ? ਸੋ ਮਾਨਵ ਜਾਤੀ (ਹਿੰਦੂ ਧਰਮ ਬਚਾਉਣ) ਲਈ ਆਪ ਜੀ ਨੇ ਗ੍ਰਿਫਤਾਰੀ ਦਿਤੀ।ਜੇਲ੍ਹ ਵਿਚ ਅਨੇਕਾਂ ਕਸ਼ਟ ਝੱਲੇ।ਜੇਲ ਵਿਚ ਰਹਿਣ ਸਮੇਂ ਆਪ ਜੀ ਨੇ ਇਹ ਬੈਰਾਗ ਮਈ ੫੭ ਸਲੋਕ ਉਚਾਰ ਕੇ ਸ਼੍ਰੀ ਅਨੰਦ ਪੁਰ ਸਾਹਿਬ ਗੁਰੂ ਗੋਬਿੰਦ ਰਾਇ ਜੀ ਕੋਲ ਭੇਜੇ, ਜੋ ਬਾਦ ਵਿਚ ਗੁਰੂ ਦਸਮੇਸ਼ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਏ।ਔਰੰਗੇ ਵੱਲੋਂ ਆਪ ਜੀ ਨੂੰ ੧੧ ਨਵੰਬਰ ੧੬੭੫ ਈ. ਵਿਚ ਸ਼ਹੀਦ ਕਰ ਦਿਤਾ ਗਿਆ।ਇਨ੍ਹਾਂ ਸਲੋਕਾਂ ਵਿਚ ਦੁਨੀਆਂ ਅਤੇ ਇਸ ਦੇ ਰਸਾਂ ਨੂੰ ਨਾਸ਼ਵਾਨ ਦੱਸ ਕੇ ਮਨੁੱਖ ਨੂੰ ਵਾਹਿਗੁਰੂ ਦੇ ਸਿਮਰਨ ਵੱਲ ਪ੍ਰੇਰਿਆ ਹੈ।ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਉਹ ਚੰਗਿਆੜੇ ਛਿਪੇ ਹੋਏ ਹਨ, ਜਿਨ੍ਹਾਂ ਨੇ ਮੁਗਲ ਸਾਮਰਾਜ ਮਲ ਦਲ ਕੇ ਸੁੱਟ ਦਿਤਾ ਅਤੇ ਤਖਤ ਤਾਜ ਸਾੜ ਕੇ ਰਾਖ ਕਰ ਦਿਤਾ।ਆਪ ਜੀ ਦੀ ਬਾਣੀ ਨੇ ਲੋਕਾਂ ਦੇ ਗੁਲਾਮ ਦਿਲਾਂ ਵਿਚ ਮਾਨਵ ਜਾਤੀ ਦੇ ਹੱਕਾਂ ਲਈ ਲੜ ਮਰਨ ਦੀ ਲਹਿਰ ਪੈਦਾ ਕਰ ਦਿਤੀ।ਆਪ ਜੀ ਦੀ ਬਾਣੀ ਨੇ ਮਾਨਸਕ ਗੁਲਾਮੀ ਦੇ ਨਾਲ ਨਾਲ ਰਾਜਨੀਤਕ ਗੁਲਾਮੀ ਵਿਰੁੱਧ ਲੋਕਾਂ ਨੂੰ ਅਜੇਹਾ ਜੱਥੇਬੰਦ ਕੀਤਾ, ਜਿਸ ਨੇ ਮੁਗਲਾਂ ਦੀ ਹੈਂਕੜ ਨੂੰ ਮਿੱਟੀ ਵਿਚ ਮਿਲਾ ਦਿਤਾ।ਗੁਰੂ ਜੀ ਦੀ ਸ਼ਹੀਦੀ ਦੇ ਸਥਾਨ ਤੇ ਲੱਖਾਂ ਲੋਕ ਰੋਜ ਮੱਥੇ ਟੇਕਦੇ ਹਨ ਅਤੇ ਔਰੰਗਜੇਬ ਦੀ ਟੁੱਟੀ ਫੁੱਟੀ ਕਬਰ ਤੇ ਕੋਈ ਛਾਂ ਦਾਰ ਦਰੱਖਤ ਵੀ ਨਹੀਂ।

ਪ੍ਰਗਟ ਭਏ ਗੁਰੂ ਤੇਗ ਬਹਾਦਰ।ਸਗਲ ਸ੍ਰਿਸਟ ਪੇ ਢਾਪੀ ਚਾਦਰ।(ਕਵੀ ਸੈਨਾਪਤਿ)

ਗੁਨ ਗੋਬਿੰਦ ਗਾਇਓ ਨਹੀ, ਜਨਮੁ ਅਕਾਰਥ ਕੀਨੁ ॥ ਕਹੁ ਨਾਨਕ ਹਰਿ ਭਜੁ ਮਨਾ, ਜਿਹ ਬਿਧਿ ਜਲ ਕਉ ਮੀਨੁ ॥੧॥ (ਹੇ ਭਾਈ! ਤੂੰ ਕਦੇ ਵੀ) ਵਾਹਿਗੁਰੂ ਦੇ ਗੁਨ ਨਹੀਂ ਗਾਏ ਹਨ, (ਇਸ ਲਈ ਅਪਣਾ ਮਨੁੱਖਾ) ਜਨਮ ਵਿਅਰਥ ਕਰ (ਗੁਆ) ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ, (ਇਸ ਲਈ) ਹੇ ਮਨਾ! ਤੂੰ ਹਰੀ ਦਾ ਭਜਨ ਕਰ, ਜਿਸ ਤਰ੍ਹਾਂ ਮੱਛੀ ਪਾਣੀ ਨੂੰ ਯਾਦ ਕਰਦੀ ਹੈ (ਹਰੀ ਨੂੰ ਜੀਵਨ ਸਹਾਰਾ ਬਣਾ ਜਿਵੇਂ ਮਛੀ ਪਾਣੀ ਨੂੰ ਸਹਾਰਾ ਬਣਾਈ ਰਖਦੀ ਹੈ)।੧।

ਬਿਨੁ ਜਲ ਪ੍ਰਾਨ ਤਜੇ ਹੈ ਮੀਨਾ, ਜਿਨਿ ਜਲ ਸਿਉ ਹੇਤੁ ਬਢਾਇਓ। (੬੭੦)

ਪਦਾਰਥ = ਅਕਾਰਥ–ਵਿਅਰਥ।ਕੀਨੁ–ਕਰ ਲਿਆ ਹੈ।ਜਿਹ ਬਿਧਿ–ਜਿਸ ਤਰ੍ਹਾਂ।ਜਲ ਕਉ–ਪਾਣੀ ਨੂੰ।ਮੀਨੁ–ਮੱਛੀ।੧।

ਬਿਖਿਅਨ ਸਿਉ ਕਾਹੇ ਰਚਿਓ, ਨਿਮਖ ਨ ਹੋਹਿ ਉਦਾਸੁ ॥ ਕਹੁ ਨਾਨਕ ਭਜੁ ਹਰਿ ਮਨਾ, ਪਰੈ ਨ ਜਮ ਕੀ ਫਾਸ ॥੨॥ ਹੇ ਭਾਈ! ਤੂੰ ਵਿਸ਼ਿਆਂ ਨਾਲ (ਇਤਨਾ) ਕਿਉਂ ਰਚਿਆ (ਚਿੰਬੜਿਆ) ਹੋਇਆ ਹੈਂ, ਨਿਮਖ ਮਾਤ੍ਰ ਵੀ (ਵਿਸ਼ਿਆਂ ਤੋਂ) ਉਪਰਾਮ (ਦੂਰ) ਨਹੀਂ ਹੁੰਦਾ ।ਗੁਰੂ ਜੀ ਆਖਦੇ ਹਨ, ਹੇ ਮਨਾ! ਤੂੰ ਹਰੀ ਦਾ ਭਜਨ ਕਰ, (ਇਸ ਤਰ੍ਹਾਂ ਗਲ ਵਿਚ) ਜਮਾਂ ਦੀ ਫਾਹੀ ਨਹੀਂ ਪੈਂਦੀ।੨।

ਪਦਾਰਥ = ਬਿਖਿਅਨ ਸਿਉ–ਵਿਸ਼ਿਆਂ ਨਾਲ।ਕਾਹੇ–ਕਿਉਂ; ਕਿਸ ਲਈ।ਰਚਿਓ–ਖਚਿੱਤ; ਮਿਲਿਆ ਹੋਇਆ; ਫਸਿਆ ਹੋਇਆ। ਨਿਮਖ–ਅੱਖ ਝਮਕਣ ਜਿੰਨੇ ਸਮੇਂ ਲਈ।ਨ ਹੋਹਿ–ਨਹੀਂ ਹੁੰਦਾ।ਉਦਾਸ–ਉਪਰਾਮ; ਦੂਰ।ਪਰੈ ਨ–ਨਹੀਂ ਪੈਂਦੀ।ਫਾਸ–ਫਾਹੀ।੨।

ਤਰਨਾਪੋ ਇਉ ਹੀ ਗਇਓ, ਲੀਓ ਜਰਾ ਤਨੁ ਜੀਤਿ ॥ ਕਹੁ ਨਾਨਕ ਭਜੁ ਹਰਿ ਮਨਾ, ਅਉਧ ਜਾਤੁ ਹੈ ਬੀਤਿ ॥੩॥ ਹੇ ਭਾਈ! (ਤੇਰਾ) ਜੁਆਨੀ ਦਾ ਸਮਾਂ ਐਵੇਂ ਹੀ (ਵਿਕਾਰਾਂ ਵਿਚ ਬ੍ਰਿਥਾ ਗੁਜਰ) ਗਿਆ ਹੈ ਅਤੇ ਬੁਢੇਪੇ ਨੇ ਸਰੀਰ ਨੂੰ ਜਿਤ (ਕਾਬੂ ਕਰ) ਲਿਆ ਹੈ। ਗੁਰੂ ਜੀ ਆਖਦੇ ਹਨ, ਹੇ ਮਨਾ! ਤੂੰ ਹਰੀ ਦਾ ਭਜਨ ਕਰ, ਤੇਰੀ ਉਮਰ (ਸਿਮਰਨ ਤੋਂ ਬਿਨਾ ਬਿਰਥ) ਬੀਤਦੀ ਜਾ ਰਹੀ ਹੈ।੩।

ਤਰਨਾਪੋ ਬਿਖਿਅਨ ਸਿਉ ਖੋਇਓ, ਬਾਲਪਨੁ ਅਗਿਆਨਾ। ਬਿਰਧਿ ਭਇਓ ਅਜਹੂ ਨਹੀ ਸਮਝੈ, ਕਉਨੁ ਕੁਮਤਿ ਉਰਝਾਨਾ।(੯੦੨)

ਪਦਾਰਥ = ਤਰਨਾਪੋ-ਜਵਾਨ ਅਵਸਥਾ। ਇਉ ਹੀ-ਐਵੇਂ (ਬਿਰਥਾ) ਹੀ। ਜਰਾ-ਬੁਢੇਪੇ ਨੇ। ਲੀਓ ਜੀਤਿ-ਜਿੱਤ (ਕਾਬੂ ਕਰ) ਲਿਆ ਹੈ। ਤਨੁ-ਸਰੀਰ ਨੂੰ। ਅੁਉਧ-ਉਮਰ। ਜਾਤੁ ਹੈ ਬੀਤਿ-ਬੀਤਦੀ ਜਾਂਦੀ ਹੈ।੩।

ਬਿਰਧਿ ਭਇਓ ਸੂਝੈ ਨਹੀ, ਕਾਲੁ ਪਹੂਚਿਓ ਆਨਿ ॥ ਕਹੁ ਨਾਨਕ ਨਰ ਬਾਵਰੇ, ਕਿਉ ਨ ਭਜੈ ਭਗਵਾਨੁ ॥੪॥ ਹੇ ਭਾਈ! (ਹੁਣ ਤੂੰ) ਬੁੱਢਾ ਹੋ ਗਿਆ ਹੈਂ, (ਅਜੇ ਵੀ ਤੈਨੂੰ ਕੁਛ) ਸਮਝ ਨਹੀ ਆ ਰਹੀ ਕਿ ਮੌਤ (ਸਿਰ ਤੇ) ਆ ਪਹੁੰਚੀ ਹੈ {ਬਿਰਧਿ ਭਇਓ ਅਜਹੂ ਨਹੀ ਸਮਝੈ, ਕਉਨ ਕੁਮਤਿ ਉਰਝਾਨਾ ੯੦੨}। ਨਾਨਕ ਗੁਰੂ ਜੀ ਆਖਦੇ ਹਨ, ਹੇ ਝੱਲੇ ਮਨੁੱਖ! (ਅਜੇ ਵੀ ਤੂੰ) ਭਗਵਾਨ ਨੂੰ ਕਿਉਂ ਨਹੀ ਸਿਮਰਦਾ?।੪।

ਪਦਾਰਥ = ਬਿਰਧਿ-ਬੁੱਢਾ। ਭਇਓ-ਹੋ ਗਿਆ ਹੈਂ। ਸੂਝੈ ਨਹੀ-ਸਮਝਦਾ ਨਹੀਂ; ਦਿਸਦਾ ਨਹੀਂ। ਕਾਲੁ-ਮੌਤ। ਆਨਿ-ਆ ਗਈ ਹੈ। ਨਰ ਬਾਵਰੇ-ਹੇ ਝੱਲੇ ਮਨੁੱਖ। ਨ ਭਜੈ-ਤੂੰ ਨਹੀਂ ਸਿਮਰਦਾ।੪।

ਧਨੁ ਦਾਰਾ ਸੰਪਤਿ ਸਗਲ, ਜਿਨਿ ਅਪੁਨੀ ਕਰਿ ਮਾਨਿ ॥ ਇਨ ਮੈ ਕਛੁ ਸੰਗੀ ਨਹੀ, ਨਾਨਕ ਸਾਚੀ ਜਾਨਿ ॥੫॥ ਜਿਸ (ਮਨੁੱਖ) ਨੇ ਧਨ, ਇਸਤ੍ਰੀ ਅਤੇ ਸਾਰੀ ਜਾਇਦਾਦ ਆਦਿ ਅਪਣੀ ਕਰਕੇ ਮੰਨੀ ਹੋਈ ਹੈ। ਇਨ੍ਹਾਂ ਵਿਚੋਂ ਕੁੱਛ ਵੀ ਸੰਗੀ (ਨਾਲ ਜਾਣ ਵਾਲਾ ਸਾਥੀ) ਨਹੀਂ, ਨਾਨਕ ਗੁਰੂ ਜੀ ਆਖਦੇ ਹਨ ਕਿ ਇਹ (ਸਿਖਿਆ ਤੂੰ) ਸੱਚੀ ਸਮਝ ਲੈ।੫।

ਪਦਾਰਥ = ਦਾਰਾ-ਇਸਤ੍ਰੀ। ਸੰਪਤਿ ਸਗਲ-ਜਮੀਨ ਜਾਇਦਾਦ ਘਰ ਤੇ ਹੋਰ ਸੁਖ ਦੇ ਸਾਰੇ ਸਮਾਨ ਆਦਿ। ਜਿਨਿ-ਜਿਸ ਨੇ। ਮਾਨਿ-ਮੰਨੀ ਹੋਈ ਹੈ। ਇਨ ਮੈ-ਇਨ੍ਹਾਂ ਵਿਚੋਂ। ਸੰਗੀ-ਸਾਥੀ (ਪ੍ਰਲੋਕ ਵਿਚ ਨਾਲ ਜਾਣ ਵਾਲਾ)। ਸਾਚੀ ਜਾਨਿ-ਸੱਚੀ ਸਮਝ ਲੈ।੫।

ਪਤਿਤ ਉਧਾਰਨ ਭੈ ਹਰਨ, ਹਰਿ ਅਨਾਥ ਕੇ ਨਾਥ ॥ ਕਹੁ ਨਾਨਕ ਤਿਹ ਜਾਨੀਐ, ਸਦਾ ਬਸਤੁ ਤੁਮ ਸਾਥਿ ॥੬॥ ਹਰੀ, ਪਾਪੀਆਂ ਦਾ ਉਧਾਰ ਕਰਨ ਵਾਲਾ (ਸਾਰੇ) ਡਰ ਨਾਸ਼ ਕਰਨ ਵਾਲਾ ਹੈ ਅਤੇ ਗਰੀਬਾਂ ਦਾ ਮਾਲਕ (ਜਿਸ ਦਾ ਕੋਈ ਨਹੀ ਹੁੰਦਾ ਉਸਦਾ ਆਸਰਾ) ਹੈ। ਨਾਨਕ ਗੁਰੂ ਜੀ ਆਖਦੇ ਹਨ, ਹਰੀ ਨੂੰ (ਇਉਂ) ਸਮਝਣਾ ਚਾਹੀਦਾ ਹੈ ਕਿ ਉਹ ਸਦਾ ਤੇਰੇ ਨਾਲ ਵਸਦਾ ਹੈ।੬।

ਪਦਾਰਥ = ਪਤਿਤ-ਪਾਪੀਆਂ ਨੂੰ। ਉਧਾਰਨ-ਤਾਰਨ ਵਾਲਾ। ਭੈ ਹਰਨ-(ਸਾਰੇ) ਡਰ ਡੂਰ ਕਰਨ ਵਾਲਾ। ਅਨਾਥ-ਗਰੀਬ; ਨਿਆਸਰਾ। ਨਾਥ-ਮਾਲਕ; ਆਸਰਾ। ਤਿਹ-ਉਸ (ਪ੍ਰਭੂ) ਨੂੰ। ਜਾਨੀਐ-ਜਾਣਨਾ ਚਾਹੀਦਾ ਹੈ। ਬਸਤੁ-ਵਸਦਾ ਹੈ। ਸਾਥਿ-ਨਾਲ।੬।

ਤਨੁ ਧਨੁ ਜਿਹ ਤੋ ਕਉ ਦੀਓ, ਤਾਂ ਸਿਉ ਨੇਹੁ ਨ ਕੀਨ ॥ ਕਹੁ ਨਾਨਕ ਨਰ ਬਾਵਰੇ, ਅਬ ਕਿਉ ਡੋਲਤ ਦੀਨ ॥੭॥ ਹੇ ਭਾਈ! ਜਿਸ ਵਾਹਿਗੁਰੂ ਨੇ ਤੈਨੂੰ ਮਨੁੱਖਾ ਸਰੀਰ (ਤੇ ਇਸ ਦੇ ਨਿਰਬਾਹ ਲਈ) ਧਨ ਦਿਤਾ ਹੈ, (ਪਰ ਤੂੰ) ਉਸ ਨਾਲ ਪਿਆਰ ਨਹੀਂ ਕੀਤਾ। ਨੌਵੇਂ ਗੁਰੂ ਜੀ ਆਖਦੇ ਹਨ, ਹੇ ਕਮਲੇ ਮਨੁੱਖ! ਹੁਣ ਦੀਨ (ਧਨ ਹੀਣ) ਹੋ ਕੇ ਕਿਉਂ ਡੋਲਦਾ ਫਿਰਦਾ ਹੈਂ।੭।

ਪਦਾਰਥ = ਤਨੁ-(ਮਨੁੱਖਾ) ਸਰੀਰ। ਜਿਹ-ਜਿਸ ਨੇ। ਤੋ ਕਉ-ਤੈਨੂੰ। ਦੀਓ-ਦਿਤਾ ਹੈ। ਤਾਂ ਸਿਉ-ਉਸ ਨਾਲ। ਨੇਹੁ-ਪਿਆਰ। ਨ ਕੀਨ-ਨਹੀਂ ਕੀਤਾ। ਨਰ ਬਾਵਰੇ-ਹੇ ਕਮਲੇ ਮਨੁੱਖ!। ਅਬ-ਹੁਣ। ਦੀਨ-ਗਰੀਬ; ਨਿਆਸਰਾ ਹੋ ਕੇ।੭।

ਤਨੁ ਧਨੁ ਸੰਪੈ ਸੁਖ ਦੀਓ, ਅਰੁ ਜਿਹ ਨੀਕੇ ਧਾਮ ॥ ਕਹੁ ਨਾਨਕ ਸੁਨੁ ਰੇ ਮਨਾ, ਸਿਮਰਤ ਕਾਹਿ ਨ ਰਾਮੁ ॥੮॥ ਹੇ ਭਾਈ! ਜਿਸ ਵਾਹਿਗੁਰੂ ਨੇ ਸਰੀਰ, ਧਨ ਸੰਪਤੀ ਤੇ ਸੁਖ ਦਿਤੇ ਹਨ ਤੇ (ਰਹਿਣ ਲਈ) ਸੁੰਦਰ ਮਕਾਨ (ਦਿਤੇ ਹਨ)। ਨਾਨਕ ਗੁਰੂ ਜੀ ਆਖਦੇ ਹਨ, ਹੇ ਮਨਾ! (ਧਿਆਨ ਨਾਲ) ਸੁਣ, ਤੂੰ ਵਾਹਿਗੁਰੂ ਨੂੰ ਕਿਉਂ ਨਹੀਂ ਸਿਮਰਦਾ?।੮।

ਪਦਾਰਥ = ਸੰਪੈ-ਸੰਪਤੀ (ਜਾਇਦਾਦ, ਸਮੂਹ ਪਦਾਰਥ ਆਦਿ)। ਦੀਓ-ਦਿਤੇ। ਅਰੁ-ਅਤੇ। ਜਿਹ-ਜਿਸ (ਵਾਹਿਗੁਰੂ) ਨੇ। ਨੀਕੇ ਧਾਮ-(ਰਹਿਣ ਲਈ) ਸੁੰਦਰ ਘਰ। ਰੇ ਮਨਾ-ਹੇ ਮਨ!। ਕਾਹਿ ਨ-ਕਿਉਂ ਨਹੀਂ। ਰਾਮੁ-ਵਿਆਪਕ ਵਾਹਿਗੁਰੂ।੮।

ਸਭ ਸੁਖ ਦਾਤਾ ਰਾਮੁ ਹੈ, ਦੂਸਰ ਨਾਹਿਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ, ਤਿਹ ਸਿਮਰਤ ਗਤਿ ਹੋਇ ॥੯॥ ਹੇ ਭਾਈ! ਸਾਰੇ ਸੁੱਖਾਂ ਦਾ ਦਾਤਾ ਵਾਹਿਗੁਰੂ ਹੈ, (ਉਸ ਤੋਂ ਬਿਨਾ) ਹੋਰ ਦੂਜਾ ਕੋਈ ਨਹੀਂ। ਨਾਨਕ ਗੁਰੂ ਜੀ ਆਖਦੇ ਹਨ, ਹੇ ਮਨਾ! (ਧਿਆਨ ਦੇ ਕੇ) ਸੁਣ, ਉਸ ਵਾਹਿਗੁਰੂ ਨੂੰ ਯਾਦ ਕਰਨ ਨਾਲ ਮੁਕਤੀ (ਉਚੀ ਆਤਮਕ ਅਵਸਥਾ ਪ੍ਰਾਪਤ) ਹੋ ਜਾਂਦੀ ਹੈ।੯।

ਪਦਾਰਥ = ਦਾਤਾ-ਦਾਤਾਂ ਦੇਣ ਵਾਲਾ। ਦੂਸਰ ਨਾਹਿਨ ਕੋਇ-ਦੂਜਾ ਕੋਈ ਨਹੀਂ। ਤਿਹ-ਉਸ (ਪ੍ਰਭੂ) ਨੂੰ। ਗਤਿ-ਮੁਕਤੀ।੯।

ਅੰਗ ੧੪੨੭ = ਜਿਹ ਸਿਮਰਤ ਗਤਿ ਪਾਈਐ, ਤਿਹ ਭਜੁ ਰੇ ਤੈ ਮੀਤ ॥ ਕਹੁ ਨਾਨਕ ਸੁਨੁ ਰੇ ਮਨਾ, ਅਉਧ ਘਟਤ ਹੈ ਨੀਤ ॥੧੦॥ ਜਿਸ ਵਾਹਿਗੁਰੂ ਦਾ ਸਿਮਰਨ ਕਰਕੇ (ਪ੍ਰਲੋਕ ਵਿਚ) ਮੁਕਤੀ ਪਾਈਦੀ ਹੈ, ਹੇ ਮਿਤ੍ਰ! ਤੂੰ ਉਸ (ਵਾਹਿਗੁਰੂ ਦਾ) ਭਜਨ ਕਰ।

ਸਤਿਗੁਰੂ ਜੀ ਆਖਦੇ ਹਨ, ਹੇ ਮਨਾ! ਸੁਣ, ਨਿਤ (ਤੇਰੀ) ਉਮਰ ਘਟਦੀ ਜਾਂਦੀ ਹੈ (ਫਿਰ ਸਿਮਰਨ ਦਾ ਮੌਕਾ ਨਹੀ ਮਿਲਣਾ)।੧੦।
ਪਦਾਰਥ = ਜਿਹ-ਜਿਸ (ਪ੍ਰਭੂ) ਦਾ।ਗਤਿ-ਮੁਕਤੀ।ਪਾਈਐ-ਪਾਈਦੀ ਹੈ।ਤਿਹ-ਉਸ ਨੂੰ।ਤੈ-ਤੂੰ।ਰੇ ਮੀਤ-ਹੇ ਮਿਤ੍ਰ।ਰੇ ਮਨਾ-ਹੇ ਮਨ!।ਅਉਧ-ਉਮਰ।ਘਟਤ-ਘਟਦੀ ਹੈ।ਨੀਤ-ਹਰ ਰੋਜ।੧੦।
ਪਾਂਚ ਤਤ ਕੋ ਤਨੁ ਰਚਿਓ, ਜਾਨਹੁ ਚਤੁਰ ਸੁਜਾਨ ॥ ਜਿਹ ਤੇ ਉਪਜਿਓ ਨਾਨਕਾ, ਲੀਨ ਤਾਹਿ ਮੈ ਮਾਨੁ ॥੧੧॥ ਹੇ ਸਿਆਣੇ ਤੇ ਗਿਆਨਵਾਨ ਮਨੁੱਖ! (ਤੂੰ ਚੰਗੀ ਤਰ੍ਹਾਂ) ਸਮਝ ਲੈ, (ਕਿ ਵਾਹਿਗੁਰੂ ਨੇ ਇਹ ਮਨੁੱਖਾ) ਸਰੀਰ ਪੰਜਾਂ ਤੱਤਾਂ ਦਾ ਬਣਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ, ਜਿਨਾਂ (ਤੱਤਾਂ) ਤੋਂ ਇਹ ਪੈਦਾ ਹੋਇਆ ਹੈ, (ਇਹ ਗੱਲ) ਮੰਨ ਲੈ, ਉਨ੍ਹਾਂ (ਤੱਤਾਂ) ਵਿਚ ਹੀ (ਅਖੀਰ ਨੂੰ) ਮਿਲ ਜਾਵੇਗਾ (ਸਰੀਰ ਦੇ ਮੋਹ ਵਿਚ ਫਸ ਕੇ ਵਾਹਿਗੁਰੂ ਨੂੰ ਨਾਲ ਭੁੱਲ)।੧੧।
ਪਦਾਰਥ = ਪਾਂਚ ਤਤ ਕੋ-ਪੰਜਾਂ ਤੱਤਾਂ ਦਾ (ਪਾਣੀ ਮਿੱਟੀ ਹਵਾ ਅੱਗ ਤੇ ਅਕਾਸ਼)।ਤਨੁ-ਸਰੀਰ।ਰਚਿਓ-ਬਣਾਇਆ ਹੈ।ਜਾਨਹੁ-ਜਾਣ ਲੈ।ਚਤੁਰ-ਸਿਆਣਾ।ਸੁਜਾਨ-ਗਿਆਨਵਾਨ।ਜਿਹ ਤੇ-ਜਿਨ੍ਹਾਂ (ਤੱਤਾਂ) ਤੋਂ।ਉਪਜਿਓ-ਪੈਦਾ ਹੋਇਆ।ਲੀਨ-ਮਿਲ (ਸਮਾ) ਜਾਵੇਗਾ।ਤਾਹਿ ਮੈ-ਉਨ੍ਹਾਂ (ਤੱਤਾਂ) ਵਿਚ।ਮਾਨੁ-ਮੰਨ ਲੈ।੧੧।
ਘਟ ਘਟ ਮੈ ਹਰਿ ਜੂ ਬਸੈ, ਸੰਤਨ ਕਹਿਓ ਪੁਕਾਰਿ ॥ ਕਹੁ ਨਾਨਕ ਤਿਹ ਭਜੁ ਮਨਾ, ਭਉ ਨਿਧਿ ਉਤਰਹਿ ਪਾਰਿ ॥੧੨॥ ਹੇ ਭਾਈ! ਹਰੇਕ (ਜੀਵ ਦੇ) ਅੰਦਰ ਹਰੀ ਵਸਦਾ ਹੈ, ਸੰਤਾਂ ਨੇ (ਇਹ ਗੱਲ ਉਚੀ) ਪੁਕਾਰ ਕੇ ਆਖੀ ਹੈ।ਨਾਨਕ ਗੁਰੂ ਜੀ ਆਖਦੇ ਹਨ, ਹੇ ਮਨਾ! (ਤੂੰ) ਉਸ ਪ੍ਰਭੂ ਦਾ ਭਜਨ ਕਰ, (ਤਾਂ ਤੂੰ) ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵੇਂਗਾ।੧੨।
ਪਦਾਰਥ = ਘਟ ਘਟ ਮੈ-ਹਰੇਕ ਸਰੀਰ ਵਿਚ।ਹਰਿ ਜੂ-ਹਰੀ ਜੀ।ਸੰਤਨ-ਸੰਤਾਂ ਨੇ।ਪੁਕਾਰਿ-ਪੁਕਾਰ (ਉਚੀ ਸੁਣਾ) ਕੇ।ਤਿਹ-ਉਸ ਨੂੰ।ਮਨਾ-ਹੇ ਮਨ!।ਭਉ ਨਿਧਿ-ਸੰਸਾਰ ਸਮੁੰਦਰ ਤੋਂ।ਉਤਰਹਿ ਪਾਰ-ਪਾਰ ਲੰਘ ਜਾਵੇਂਗਾ।੧੨।
ਸੁਖੁ ਦੁਖੁ ਜਿਹ ਪਰਸੈ ਨਹੀ, ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨੁ ਰੇ ਮਨਾ, ਸੋ ਮੂਰਤਿ ਭਗਵਾਨ ॥੧੩॥ ਜਿਸ (ਮਨੁੱਖ) ਨੂੰ ਸੁੱਖ ਤੇ ਦੁੱਖ ਨਹੀਂ ਛੋਂਹਦੇ (ਸੁਖ ਦੁਖ ਵਿਚ ਇਕ ਬਰਾਬਰ ਰਹਿੰਦਾ ਹੈ ਅਤੇ ਜਿਸ ਵਿਚ) ਲੋਭ, ਮੋਹ ਤੇ ਹੰਕਾਰ ਵੀ ਨਹੀ ਹੈ।ਨਾਨਕ ਗੁਰੂ ਜੀ ਆਖਦੇ ਹਨ, ਹੇ ਮਨ! ਸੁਣ, ਉਹ (ਮਨੁੱਖ) ਭਗਵਾਨ ਦਾ ਹੀ ਸਰੂਪ ਹੈ।੧੩।
ਪਦਾਰਥ = ਜਿ-ਜਿਸ ਨੂੰ।ਪਰਸੈ ਨਹੀ-ਨਹੀਂ ਛੋਂਹਦੇ।ਰੇ ਮਨਾ-ਹੇ ਮਨ!।ਸੋ-ਉਹ (ਮਨੁੱਖ)।ਮੂਰਤਿ-ਸਰੂਪ।੧੩।
ਉਸਤਤਿ ਨਿੰਦਿਆ ਨਾਹਿ ਜਿਹਿ, ਕੰਚਨ ਲੋਹ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ, ਮੁਕਤਿ ਤਾਹਿ ਤੈ ਜਾਨਿ ॥੧੪॥ ਜਿਹੜਾ (ਮਨੁੱਖ ਅਪਣੀ) ਵਡਿਆਈ (ਸੁਣ ਕੇ ਖੁਸ਼) ਨਹੀ ਹੁੰਦਾ ਅਤੇ ਨਾ ਹੀ (ਅਪਣੀ) ਨਿੰਦਿਆ (ਸੁਣ ਕੇ ਦੁਖੀ ਹੁੰਦਾ ਹੈ, ਫਿਰ) ਸੋਨੇ ਤੇ ਲੋਹੇ ਨੂੰ ਇਕ ਬਰਾਬਰ ਸਮਝਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮਨਾ! ਸੁਣ, ਉਸ (ਇਹੋ ਜਿਹੇ ਸਮ ਦ੍ਰਿਸਟੀ ਵਾਲੇ ਮਨੁੱਖ) ਨੂੰ ਤੁਸੀਂ ਮੁਕਤ ਹੋਇਆ ਹੀ ਸਮਝੋ।੧੪।
ਉਸਤਤਿ ਨਿੰਦਾ ਦੋਊ ਬਿਬਰਜਿਤ, ਤਜਹੁ ਮਾਨੁ ਅਭਿਮਾਨਾ।ਲੋਹਾ ਕੰਚਨੁ ਸਮ ਕਰਿ ਜਾਨਹਿ, ਤੇ ਮੂਰਤਿ ਭਗਵਾਨਾ।(੧੧੨੩)।
ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ।ਸੁਖ ਸਨੇਹੁ ਅਰੁ ਭੈ ਨਹੀਂ ਜਾਕੈ, ਕੰਚਨ ਮਾਟੀ ਮਾਨੈ। (੬੩੩)
ਪਦਾਰਥ = ਉਸਤਤਿ-ਵਡਿਆਈ।ਜਿਹਿ-ਜਿਸ ਨੂੰ।ਕੰਚਨ-ਸੋਨਾ।ਲੋਹ-ਲੋਹਾ।ਸਮਾਨਿ-ਇਕ ਬਰਾਬਰ।ਰੇ ਮਨਾ-ਹੇ ਮਨ!।ਤਾਹਿ -ਉਸ ਨੂੰ।ਤੈ-ਤੂੰ; ਤੁਸੀਂ।ਜਾਨਿ-ਸਮਝ।੧੪।
ਹਰਖੁ ਸੋਗੁ ਜਾ ਕੈ ਨਹੀ, ਬੈਰੀ ਮੀਤ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ, ਮੁਕਤਿ ਤਾਹਿ ਤੈ ਜਾਨਿ ॥੧੫॥ ਜਿਸ (ਮਨੁੱਖ) ਦੇ (ਦਿਲ ਵਿਚ ਪਦਾਰਥਾਂ ਦੀ ਪ੍ਰਾਪਤੀ ਅਤੇ ਲਾਭ ਵਿਚ) ਖੁਸ਼ੀ ਨਹੀ ਹੈ ਅਤੇ (ਨਿਕਟ ਵਰਤੀ ਦੇ ਵਿਛੋੜੇ ਤੇ ਹਾਨੀ ਜਾਂ ਘਾਟੇ ਦਾ) ਸੋਗ ਨਹੀ ਹੈ, (ਫਿਰ ਜਿਸ ਦੀ ਨਜਰ ਵਿਚ) ਵੈਰੀ ਅਤੇ ਮਿਤ੍ਰ ਇਕੋ ਜਿਹੇ ਹਨ।ਨਾਨਕ ਗੁਰੂ ਜੀ ਆਖਦੇ ਹਨ, ਹੇ ਮਨਾ! ਸੁਣ, ਤੂੰ ਉਸ ਨੂੰ ਮੁਕਤ ਹੋਇਆ ਹੀ ਸਮਝ।੧੫।
ਪਦਾਰਥ = ਹਰਖੁ-ਖੁਸ਼ੀ।ਸੋਗੁ-ਗਮ; ਦੁੱਖ।ਜਾ ਕੈ-ਜਿਸ ਦੇ।ਰੇ ਮਨਾ-ਹੇ ਮਨਾ।ਮੁਕਤਿ-ਜਨਮ ਮਰਣ ਤੋਂ ਛੁਟਕਾਰਾ।੧੫।
ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥੧੬॥ (ਹੇ ਭਾਈ! ਜਿਹੜਾ ਮਨੁੱਖ, ਆਪ) ਕਿਸੇ ਨੂੰ ਭੈ ਨਹੀਂ ਦਿੰਦਾ ਅਤੇ ਨਾ ਹੀ (ਆਪ) ਕਿਸੇ ਹੋਰ ਦਾ ਭੈ ਮੰਨਦਾ ਹੈ।ਨੌਵੇਂ ਗੁਰੂ ਜੀ ਆਖਦੇ ਹਨ, ਹੇ ਮਨ! ਸੁਣ, ਉਸ (ਮਨੁੱਖ) ਨੂੰ ਹੀ ਗਿਆਨਵਾਨ ਆਖਿਆ ਹੈ।੧੬।
ਪਦਾਰਥ = ਭੈ-ਡਰ।ਕਾਹੂ ਕਉ-ਕਿਸੇ ਨੂੰ।ਦੇਤ ਨਹਿ-ਨਹੀਂ ਦਿੰਦਾ।ਮਾਨਤ-ਮੰਨਦਾ।ਆਨ-ਹੋਰ ਕਿਸੇ ਦਾ।ਰੇ ਮਨਾ-ਹੇ ਮਨ। ਗਿਆਨੀ-ਗਿਆਨਵਾਨ।ਤਾਹਿ-ਉਸ ਨੂੰ।ਬਖਾਨਿ-ਆਖਿਆ ਹੈ।੧੬।
ਵਿਆਖਿਆ = ਗੁਰੂ ਤੇਗ ਬਹਾਦਰ ਸਾਹਿਬ ਮਾਇਆ ਦੇ ਮੋਹ ਤੋਂ ਉਪਰਾਮ ਸਨ, ਇਸ ਦਾ ਭਾਵ ਇਹ ਵੀ ਨਹੀ ਕਿ ਉਹ ਨਿਰਾਸ਼ਾ

ਵਾਦੀ ਸਨ। ਸੰਸਾਰੀ ਲੋਕਾਂ ਨੂੰ ਨਾਸ਼ਵੰਤ ਪਦਾਰਥਾਂ ਦੇ ਮੋਹ ਤੋਂ ਉਪਰ ਉਠਾ ਕੇ ਪਦਾਰਥਾਂ ਦੇ ਦਾਤਾ ਵਾਹਿਗੁਰੂ ਨਾਲ ਜੋੜਦੇ ਸਨ। ਉਹ ਆਪ ਨਿਰਭੈ ਸਨ ਅਤੇ ਹੋਰ ਕਿਸੇ ਦੂਜੇ ਦਾ ਭੈ ਵੀ ਨਹੀਂ ਸਨ ਮੰਨਦੇ। ਭੈ ਮੰਨਣਾ ਤੇ ਦੂਜਿਆਂ ਨੂੰ ਭੈ ਦੇਣਾ ਪਸ਼ੂਆਂ ਦਾ ਕੰਮ ਹੈ। ਔਰੰਗੇ ਦੀ ਤਲਵਾਰ ਆਪ ਨੂੰ ਡਰਾ ਨਹੀਂ ਸਕੀ।੧੬।

ਜਿਹ ਬਿਖਿਆ ਸਗਲੀ ਤਜੀ, ਲੀਓ ਭੇਖ ਬੈਰਾਗ ॥ ਕਹੁ ਨਾਨਕ ਸੁਨੁ ਰੇ ਮਨਾ, ਤਿਹ ਨਰ ਮਾਥੈ ਭਾਗੁ ॥੧੭॥ ਜਿਸ (ਮਨੁੱਖ) ਨੇ ਵਿਸ਼ਿਆਂ (ਜਾਂ ਮਾਇਆ) ਦੀ ਸਾਰੀ ਵਾਸ਼ਨਾ ਛਡ ਦਿਤੀ ਹੈ ਅਤੇ ਵੈਰਾਗ ਦਾ ਭੇਖ ਧਾਰਨ ਕਰ ਲਿਆ ਹੈ; (ਉਸੇ ਮਨੁੱਖ ਨੇ ਹੀ) ਸੱਚੇ ਵੈਰਾਗ ਦਾ ਭੇਖ ਲਿਆ (ਧਾਰਿਆ) ਹੋਇਆ ਹੈ (ਸੰ. ਸ.; ਦਰਪਣ)। ਨਾਨਕ ਗੁਰੂ ਜੀ ਆਖਦੇ ਹਨ, ਹੇ ਮਨ! ਸੁਣ, (ਇਹੋ ਜਿਹਾ ਵੈਰਾਗ ਧਾਰਨ ਕਰਨ ਵਾਲੇ) ਮਨੁੱਖ ਦੇ ਮੱਥੇ ਉਤੇ ਚੰਗਾ ਭਾਗ ਹੈ।੧੭।

ਪਦਾਰਥ = ਜਿਹ-ਜਿਸ ਨੇ। ਬਿਖਿਆ-ਵਿਸ਼ੇ ਵਿਕਾਰ; ਮਾਇਆ ਦੀ ਵਾਸ਼ਨਾ। ਸਗਲੀ-ਸਾਰੀ। ਤਜੀ-ਛਡ ਦਿਤੀ। ਲੀਓ-ਧਾਰਿਆ ਹੈ। ਭੇਖ ਬੈਰਾਗ-ਵੈਰਾਗ ਦਾ ਭੇਖ। ਤਿਹ ਨਰ-ਉਸ ਮਨੁੱਖ ਦੇ। ਮਾਥੈ-ਮੱਥੇ ਉਤੇ। ਭਾਗੁ-ਚੰਗਾ ਭਾਗ (ਕਿਸਮਤ)।੧੭।

ਵਿਆਖਿਆ = ਵਿਸ਼ੇ ਵਿਕਾਰ ਤੇ ਮਾਇਆ ਦੀ ਲਾਲਸਾ ਤਜਣੀ ਅਸਲੀ ਬੈਰਾਗ ਹੈ। ਘਰ ਬਾਰ ਛਡ ਦੇਣਾ, ਮਾਨਵਤਾ ਦੀ ਸੇਵਾ ਤੋਂ ਨੱਸਣਾ, ਦਾਤੇ ਦੀਆਂ ਦਾਤਾਂ ਦਾ ਧ੍ਰਿਕਾਰ ਕਰਨਾ, ਮਨ ਵਿਚ ਪਾਪ ਰੱਖਣਾ ਆਦਿ ਬੈਰਾਗ ਨਹੀਂ। ਕਰਤਾਰ ਦੇ ਬਖਸ਼ੇ ਹੋਏ ਸੁਖਾਂ ਵਿਚ ਭਜਨ ਕਰਨਾ, ਉਸ ਦੇ ਜੀਵਾਂ ਨੂੰ ਸੁਖ ਦੇਣਾ, ਸੇਵਾ ਕਰਨੀ, ਸੰਸਾਰ ਦੇ ਪਦਾਰਥਾਂ ਨੂੰ ਉਸ ਦੀ ਦਾਤ ਜਾਣ ਕੇ ਯਾਦ ਵਿਚ ਸਮਾਂ ਗੁਜ਼ਾਰਨਾ ਅਤੇ ਹੋਰਨਾਂ ਨੂੰ ਵੀ ਕਰਤਾਰ ਨਾਲ ਜੋੜਨਾ ਗੁਰਮਤ ਦਾ ਮਾਰਗ ਹੈ। ਇਹ ਹੈ ਸੱਚਾ ਬੈਰਾਗ।੧੭।

ਜਿਹਿ ਮਾਇਆ ਮਮਤਾ ਤਜੀ, ਸਭ ਤੇ ਭਇਓ ਉਦਾਸੁ ॥ ਕਹੁ ਨਾਨਕ ਸੁਨੁ ਰੇ ਮਨਾ, ਤਿਹ ਘਟਿ ਬ੍ਰਹਮ ਨਿਵਾਸੁ ॥੧੮॥ ਜਿਸ (ਮਨੁੱਖ) ਨੇ ਮਾਇਆ ਦੀ ਮਮਤਾ ਛਡ ਦਿਤੀ ਹੈ ਅਤੇ ਸਭ (ਪਦਾਰਥਾਂ ਤੇ ਵਿਕਾਰਾਂ) ਤੋਂ ਉਪਰਾਮ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮਨ! (ਤੂੰ) ਸੁਣ, ਉਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਿਵਾਸ ਹੋ ਗਿਆ ਹੈ।੧੮।

ਪਦਾਰਥ = ਜਿਹਿ-ਜਿਸ ਨੇ। ਮਮਤਾ-ਮੈਂ ਮੇਰੀ; ਹੰਗਤਾ। ਤਜੀ-ਛਡ ਦਿਤੀ। ਸਭ ਤੇ-ਸਭ ਤੋਂ। ਭਇਓ-ਹੋ ਗਿਆ ਹੈ। ਉਦਾਸ-ਮੋਹ ਰਹਿਤ; ਪਦਾਰਥਾਂ ਤੋਂ ਚਿਤ ਉਠ ਜਾਣਾ। ਤਿਹ ਘਟਿ-ਉਸ ਦੇ ਹਿਰਦੇ ਵਿਚ। ਬ੍ਰਹਮ-ਵਾਹਿਗੁਰੂ ਦਾ।੧੮।

ਜਿਹਿ ਪ੍ਰਾਨੀ ਹਉਮੈ ਤਜੀ, ਕਰਤਾ ਰਾਮੁ ਪਛਾਨਿ ॥ ਕਹੁ ਨਾਨਕ ਵਹੁ ਮੁਕਤਿ ਨਰੁ, ਇਹ ਮਨ ਸਾਚੀ ਮਾਨੁ ॥੧੯॥ ਜਿਸ ਪ੍ਰਾਣੀ ਨੇ ਹਉਮੈ ਛਡ ਦਿਤੀ ਹੈ ਅਤੇ ਕਰਤਾ ਪੁਰਖ ਨੂੰ ਪਛਾਣ ਲਿਆ ਹੈ। ਨਾਨਕ ਗੁਰੂ ਜੀ ਕਹਿੰਦੇ ਹਨ, ਹੇ ਮਨ! ਇਹ ਗੱਲ ਸੱਚੀ ਮੰਨ ਲੈ ਕਿ ਉਹ ਮਨੁੱਖ ਮੁਕਤ ਹੈ।੧੯।

ਪਦਾਰਥ = ਜਿਹਿ ਪ੍ਰਾਨੀ-ਜਿਸ ਮਨੁੱਖ ਨੇ। ਹਉਮੈ-ਮੈਂ ਮੇਰੀ। ਤਜੀ-ਛਡ ਦਿਤੀ ਹੈ। ਕਰਤਾ ਰਾਮੁ-ਵਿਆਪਕ ਕਰਤਾਰ ਨੂੰ। ਪਛਾਨਿ-ਪਛਾਣ ਲਿਆ ਹੈ। ਵਹੁ-ਉਹ। ਨਰੁ-ਮਨੁੱਖ। ਮਾਨੁ-ਮੰਨ ਲੈ; ਜਾਣ ਲੈ।੧੯।

ਭੈ ਨਾਸਨ ਦੁਰਮਤਿ ਹਰਨ, ਕਲਿ ਮੈ ਹਰਿ ਕੋ ਨਾਮੁ ॥ ਨਿਸਿ ਦਿਨੁ ਜੋ ਨਾਨਕ ਭਜੈ, ਸਫਲ ਹੋਹਿ ਤਿਹ ਕਾਮ ॥੨੦॥ ਹੇ ਭਾਈ! ਕਲਜੁਗ ਵਿਚ ਹਰੀ ਦਾ ਨਾਮ (ਸਾਰੇ ਤਰ੍ਹਾਂ ਦਾ) ਡਰ ਨਾਸ਼ ਕਰਨ ਅਤੇ ਖੋਟੀ ਬੁੱਧੀ ਨੂੰ ਦੂਰ ਕਰਨ ਵਾਲਾ ਹੈ। ਹੇ ਨਾਨਕ! ਜਿਹੜਾ (ਮਨੁੱਖ ਹਰ ਵੇਲੇ) ਦਿਨ ਰਾਤ (ਵਾਹਿਗੁਰੂ ਦਾ) ਨਾਮ ਜਪਦਾ ਹੈ, ਉਸ ਦੇ ਸਾਰੇ ਕਾਰਜ ਸਫਲ ਹੋ (ਸਿਰੇ ਚੜ੍ਹ) ਜਾਂਦੇ ਹਨ।੨੦।

ਪਦਾਰਥ = -ਡਰ। ਨਾਸਨ-ਨਾਸ਼ ਕਰਨ ਵਾਲਾ। ਦੁਰਮਤਿ-ਖੋਟੀ ਬੁੱਧੀ। ਹਰਨ-ਦੂਰ ਕਰਨ ਵਾਲਾ। ਕਲਿ ਮੈ-ਕਲਜੁਗ ਵਿਚ। ਕੋ-ਦਾ। ਨਿਸਿ ਦਿਨੁ-ਰਾਤ ਦਿਨ (ਹਰ ਵੇਲੇ)। ਭਜੈ-ਜਪਦਾ ਹੈ। ਹੋਹਿ-ਹੋ ਜਾਂਦੇ ਹਨ। ਤਿਹ-ਉਸ ਦੇ। ਕਾਮ-ਕੰਮ ।੨੦।

ਜਿਹਬਾ ਗੁਨ ਗੋਬਿੰਦ ਭਜਹੁ, ਕਰਨ ਸੁਨਹੁ ਹਰਿ ਨਾਮੁ ॥ ਕਹੁ ਨਾਨਕ ਸੁਨਿ ਰੇ ਮਨਾ, ਪਰਹਿ ਨ ਜਮ ਕੈ ਧਾਮ ॥੨੧॥ ਹੇ ਭਾਈ! ਜੀਭ ਨਾਲ ਵਾਹਿਗੁਰੂ ਦੇ ਗੁਣਾਂ ਦਾ ਭਜਨ (ਗਾਇਨ) ਕਰੋ ਅਤੇ ਕੰਨਾਂ ਨਾਲ ਵਾਹਿਗੁਰੂ ਦਾ ਨਾਮ ਸੁਣੋ। ਨਾਨਕ ਗੁਰੂ ਜੀ ਕਹਿੰਦੇ ਹਨ, ਹੇ ਮਨ! ਸੁਣ, (ਇਹੋ ਜਿਹੇ ਮਨੁੱਖ) ਜਮਾਂ ਦੇ ਘਰ (ਨਰਕ) ਵਿਚ ਨਹੀਂ ਪੈਂਦੇ ਹਨ।੨੧।

ਪਦਾਰਥ = ਜਿਹਬਾ-ਜੀਭ ਨਾਲ। ਭਜਹੁ-ਭਜਨ ਕਰੋ; ਗਾਓ। ਕਰਨ-ਕੰਨਾਂ ਨਾਲ। ਰੇ ਮਨਾ-ਹੇ ਮਨ!। ਪਰਹਿ ਨ-ਨਹੀ ਪੈਂਦੇ। ਜਮ ਕੈ ਧਾਮ-ਜਮਾਂ ਦਾ ਘਰ ਭਾਵ ਨਰਕ ਵਿਚ।੨੧।

ਜੋ ਪ੍ਰਾਨੀ ਮਮਤਾ ਤਜੈ, ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ, ਅਉਰਨ ਲੇਤ ਉਧਾਰ ॥੨੨॥ ਜਿਹੜਾ ਮਨੁੱਖ ਅਪਣਤ ਛਡ ਦੇਂਦਾ ਹੈ ਅਤੇ ਲੋਭ ਮੋਹ ਤੇ ਹੰਕਾਰ ਵੀ ਛਡ ਦਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਉਹ ਮਨੁੱਖ ਸੰਸਾਰ ਸਮੁੰਦਰ ਤੋਂ) ਆਪ ਵੀ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਮੁਕਤ ਕਰ ਲੈਂਦਾ ਹੈ।੨੨।

ਪਦਾਰਥ = ਮਮਤਾ-ਅਪਣੱਤ। ਤਜੈ-ਛਡ ਦੇਂਦਾ ਹੈ। ਆਪਨ-ਆਪ। ਅਉਰਨ-ਹੋਰਨਾਂ ਨੂੰ। ਲੇਤ ਉਧਾਰ-ਮੁਕਤ ਕਰ ਲੈਂਦਾ ਹੈ।੨੨।

ਜਿਉ ਸੁਪਨਾ ਅਰੁ ਪੇਖਨਾ, ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ, ਨਾਨਕ ਬਿਨੁ ਭਗਵਾਨ ॥੨੩॥ ਹੇ ਭਾਈ! ਜਿਸ

ਤਰ੍ਹਾਂ (ਰਾਤ ਨੂੰ) ਸੁਪਨਾ ਤੇ (ਬਾਜੀਗਰ ਦਾ) ਤਮਾਸ਼ਾ ਦੇਖੀਦਾ ਹੈ, ਇਹੋ ਜਿਹਾ ਇਸ ਜਗਤ ਨੂੰ (ਥੋੜਾ ਸਮਾਂ ਰਹਿਣ ਵਾਲਾ) ਸਮਝ। ਨਾਨਕ ਗੁਰੂ ਜੀ ਕਹਿੰਦੇ ਹਨ, ਬਿਨਾਂ ਭਗਵਾਨ ਤੋਂ ਇਨ੍ਹਾਂ (ਜਗਤ ਦੇ ਦਿਸਣ ਵਾਲੇ ਪਦਾਰਥਾਂ) ਵਿਚ ਕੁਛ ਵੀ ਸੱਚਾ ਨਹੀ ਹੈ (ਕੁਛ ਵੀ ਸਦਾ ਥਿਰ ਰਹਿਣ ਵਾਲਾ ਨਹੀ)।੨੩। ਯਾ ਭੀਤਰਿ ਜੋ ਰਾਮੁ ਬਸਤੁ ਹੈ, ਸਾਚੋ ਤਾਹਿ ਪਛਾਨੋ। (੧੧੮੬)

ਪਦਾਰਥ = ਅਰੁ–ਅਤੇ।ਪੇਖਨਾ–ਤਮਾਸ਼ਾ; ਖੇਲ (ਵੇਖਣਾ)।ਐਸੇ–ਇਹੋ ਜਿਹਾ।ਜਾਨਿ–ਸਮਝ।ਇਨ ਮੈ–ਇਨ੍ਹਾਂ ਵਿਚ।ਸਾਚੋ ਨਹੀ–ਸੱਚਾ ਨਹੀ (ਸਦਾ ਕਾਇਮ ਰਹਿਣ ਵਾਲਾ ਨਹੀ)।੨੩।

ਨਿਸਿ ਦਿਨੁ ਮਾਇਆ ਕਾਰਨੇ, ਪ੍ਰਾਨੀ ਡੋਲਤ ਨੀਤ ॥ ਕੋਟਨ ਮੈ ਨਾਨਕ ਕੋਊ ,ਨਾਰਾਇਨੁ ਜਿਹ ਚੀਤਿ ॥੨੪॥ ਮਨੁੱਖ ਰਾਤ ਦਿਨ ਮਾਇਆ (ਹਾਸਲ ਕਰਨ) ਵਾਸਤੇ ਸਦਾ ਭਟਕਦਾ ਫਿਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਕ੍ਰੋੜਾਂ ਵਿਚੋਂ ਕੋਈ (ਵਿਰਲਾ ਹੀ ਮਨੁੱਖ ਹੁੰਦਾ) ਹੈ, ਜਿਸ ਦੇ ਚਿੱਤ ਵਿਚ ਹਰੀ (ਵਸਦਾ) ਹੈ।੨੪।

ਪਦਾਰਥ = ਨਿਸਿ–ਰਾਤ।ਕਾਰਨੇ–ਵਾਸਤੇ।ਪ੍ਰਾਨੀ–ਮਨੁੱਖ।ਡੋਲਤ–ਭਟਕਦਾ ਫਿਰਦਾ ਹੈ।ਨੀਤ–ਨਿੱਤ; ਸਦਾ।ਕੋਟਨ ਮੈ–ਕਰੋੜਾਂ ਵਿਚੋਂ।ਕੋਊ–ਕੋਈ (ਵਿਰਲਾ ਮਨੁੱਖ)।ਨਾਰਾਇਨੁ–ਹਰੀ (ਵਾਹਿਗੁਰੂ)।ਜਿਹ–ਜਿਸ ਦੇ।ਚੀਤਿ–ਚਿੱਤ ਵਿਚ।੨੪।

ਜੈਸੇ ਜਲ ਤੇ ਬੁਦਬੁਦਾ, ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ, ਕਹੁ ਨਾਨਕ ਸੁਨਿ ਮੀਤ ॥੨੫॥ ਜਿਵੇਂ ਪਾਣੀ ਤੋਂ ਬੁਲਬੁਲੇ ਰੋਜਾਨਾ ਪੈਦਾ ਹੁੰਦੇ ਹਨ (ਅਤੇ ਫਿਰ) ਮਿਟ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮਿਤ੍ਰ! ਸੁਣ, (ਪ੍ਰਭੂ ਨੇ ਬੁਲਬੁਲੇ ਵਾਂਗ) ਇਸੇ ਤਰ੍ਹਾਂ ਜਗਤ ਰਚਨਾ ਰਚੀ ਹੈ।੨੫।

ਪਦਾਰਥ = ਜਲ ਤੇ–ਪਾਣੀ ਤੋਂ।ਬੁਦਬੁਦਾ–ਬੁਲਬੁਲਾ।ਉਪਜੈ–ਪੈਦਾ ਹੁੰਦਾ ਹੈ।ਬਿਨਸੈ–ਨਾਸ਼ ਹੋ (ਮਿਟ) ਜਾਂਦਾ ਹੈ।ਨੀਤ–ਰੋਜਾਨਾ। ਜਗ ਰਚਨਾ–ਜਗਤ ਦੀ ਬਨਾਵਟ।ਤੈਸੇ–ਇਸੇ ਤਰ੍ਹਾਂ।ਰਚੀ–ਬਣਾਈ ਹੈ।ਮੀਤ–ਹੇ ਮਿਤ੍ਰ!।੨੫।

ਵਿਆਖਿਆ = ਜਿਵੇਂ ਮੀਂਹ ਦੀਆਂ ਬੂੰਦਾਂ ਧਰਤੀ ਤੇ ਡਿਗਦੀਆਂ ਹਨ ਅਤੇ ਮਿਟ ਜਾਂਦੀਆਂ ਹਨ।ਸਮੁੰਦਰ ਦੀ ਹਿੱਕ ਉਤੇ ਬੁਲਬੁਲਾ ਨੱਚਦਾ ਹੈ, ਉਸ ਦੀ ਉਮਰ ਕਿੰਨੀ ਕੁ ਹੈ, ਥੋੜੇ ਸਮੇਂ ਬਾਦ ਮਿਟ ਜਾਂਦਾ ਹੈ।ਇਸੇ ਤਰ੍ਹਾਂ ਦੇ ਜਗਤ ਵਿਚ ਮਨੁੱਖਾ ਜੀਵਨ ਹੈ। ੨੫।

ਪ੍ਰਾਨੀ ਕਛੂ ਨ ਚੇਤਈ, ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ ਭਜਨ, ਪਰਤ ਤਾਹਿ ਜਮ ਫੰਧ ॥੨੬॥ (ਇਹ) ਮਨੁੱਖ ਮਾਇਆ ਦੇ ਨਸ਼ੇ ਵਿਚ ਅੰਨ੍ਹਾ ਹੋਇਆ (ਵਾਹਿਗੁਰੂ ਨੂੰ) ਬਿਲਕੁਲ ਵੀ ਨਹੀ ਯਾਦ ਕਰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹਿਗੁਰੂ ਦੇ ਭਜਨ ਤੋਂ ਬਿਨਾ ਉਸ (ਮਨੁੱਖ) ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ।੨੬।

ਪਦਾਰਥ = ਕਛੂ ਨ–ਕੁਛ ਵੀ ਨਹੀਂ ਭਾਵ ਬਿਲਕੁਲ ਨਹੀ।ਨ ਚੇਤਈ–ਨਹੀਂ ਸਿਮਰਦਾ।ਮਦਿ–ਨਸ਼ੇ ਵਿਚ।ਕੈ–ਦੇ।ਅੰਧੁ–ਅੰਨ੍ਹਾ ਹੈ ।ਪਰਤ–ਪੈਂਦੀ ਹੈ।ਤਾਹਿ–ਉਸ ਦੇ।ਜਮ–ਜਮਾਂ ਦੀ।ਫੰਧ–ਫਾਹੀ।੨੬।

(ਇਸ ਸਲੋਕ ਨਾਲ ੩੧ ਵਾਂ ਸਲੋਕ ਵੀ ਮਿਲਦਾ ਜੁਲਦਾ ਹੈ)।

ਜਉ ਸੁਖ ਕਉ ਚਾਹੈ ਸਦਾ, ਸਰਨਿ ਰਾਮ ਕੀ ਲੇਹ ॥ ਕਹੁ ਨਾਨਕ ਸੁਨਿ ਰੇ ਮਨਾ, ਦੁਰਲਭ ਮਾਨੁਖ ਦੇਹ ॥੨੭॥ (ਹੇ ਭਾਈ! ਤੂੰ) ਜੇ ਸਦੀਵੀ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈਂ, ਤਾਂ ਵਾਹਿਗੁਰੂ ਦੀ ਸ਼ਰਣ (ਗ੍ਰਹਿਣ ਕਰ) ਲੈ।ਨਾਨਕ ਗੁਰੂ ਜੀ ਆਖਦੇ ਹਨ, ਹੇ ਮਨ! ਸੁਣ, ਇਹ ਮਨੁੱਖਾ ਦੇਹ ਬੜੀ ਔਖੀ ਮਿਲਦੀ ਹੈ (ਦੁਬਾਰਾ ਨਹੀ ਮਿਲਣੀ)।੨੭।

ਪਦਾਰਥ = ਜਉ–ਜੇ।ਕਉ–ਨੂੰ।ਲੇਹ–ਲੈ ਲੈ।ਦੁਰਲਭ–ਬਹੁਤ ਔਖੀ ਮਿਲਣ ਵਾਲੀ।ਦੇਹ–ਸਰੀਰ।੨੭।

ਮਾਇਆ ਕਾਰਨਿ ਧਾਵਹੀ, ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ, ਬਿਰਥਾ ਜਨਮੁ ਸਿਰਾਨ ॥੨੮॥ (ਹੇ ਭਾਈ!) ਬੇ ਸਮਝ ਮੂਰਖ ਲੋਕ ਮਾਇਆ ਹਾਸਲ ਕਰਨ ਲਈ ਭੱਜੇ ਫਿਰਦੇ ਹਨ।ਨਾਨਕ ਗੁਰੂ ਜੀ ਕਹਿੰਦੇ ਹਨ ਕਿ ਹਰੀ ਦੇ ਭਜਨ ਤੋਂ ਬਿਨਾ (ਮਨੁੱਖਾ) ਜਨਮ ਵਿਅਰਥ ਬੀਤ ਜਾਂਦਾ ਹੈ।੨੮।

ਪਦਾਰਥ = ਕਾਰਨਿ–ਵਾਸਤੇ।ਧਾਵਹੀ–ਦੌੜਦੇ ਫਿਰਦੇ ਹਨ।ਅਜਾਨ–ਅਣਜਾਣ; ਬੇ ਸਮਝ।ਸਿਰਾਨ–ਬੀਤ ਜਾਂਦਾ ਹੈ।੨੮।

ਜੋ ਪ੍ਰਾਨੀ ਨਿਸਿ ਦਿਨੁ ਭਜੈ, ਰੂਪ ਰਾਮ ਤਿਹ ਜਾਨੁ ॥ ਹਰਿ ਜਨ ਹਰਿ ਅੰਤਰੁ ਨਹੀ, ਨਾਨਕ ਸਾਚੀ ਮਾਨੁ ॥੨੯॥ ਜਿਹੜਾ ਮਨੁੱਖ ਰਾਤ ਦਿਨ (ਵਾਹਿਗੁਰੂ ਦਾ) ਭਜਨ ਕਰਦਾ ਹੈ, ਉਸ (ਗੁਰਮੁਖ) ਨੂੰ ਰਾਮ ਦਾ ਹੀ ਰੂਪ ਜਾਣ ਲਓ।ਹਰੀ ਦੇ ਭਗਤਾਂ ਅਤੇ ਹਰੀ ਵਿਚ ਕੋਈ ਅੰਤਰ ਨਹੀਂ, ਨਾਨਕ ਗੁਰੂ ਜੀ ਕਹਿੰਦੇ ਹਨ ਕਿ ਇਸ ਗੱਲ ਨੂੰ ਸੱਚੀ ਮੰਨ ਲਵੋ।੨੯।

ਹਰਿ ਕਾ ਸੇਵਕੁ ਹਰਿ ਹੀ ਜੇਹਾ।ਭੇਦੁ ਨ ਜਾਣਹੁ ਮਾਣਸ ਦੇਹਾ। (੧੦੭੬)

ਪਦਾਰਥ = ਪ੍ਰਾਨੀ–ਮਨੁੱਖ।ਨਿਸਿ–ਰਾਤ।ਤਿਹ–ਉਸ ਨੂੰ।ਜਨ–ਸੇਵਕ।ਅੰਤਰੁ–ਫਰਕ; ਭੇਦ।ਸਾਚੀ ਮਾਨੁ–ਸੱਚੀ ਮੰਨ ਲਵੋ।੨੯।

ਮਨੁ ਮਾਇਆ ਮੈ ਫਧਿ ਰਹਿਓ, ਬਿਸਰਿਓ ਗੋਬਿੰਦ ਨਾਮੁ ॥ ਕਹੁ ਨਾਨਕ ਬਿਨੁ ਹਰਿ ਭਜਨ, ਜੀਵਨ ਕਉਨੇ ਕਾਮ ॥੩੦॥ (ਹਰ ਵੇਲੇ ਮਨੁੱਖ ਦਾ) ਮਨ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, (ਜਿਸ ਕਰਕੇ ਇਸ ਨੂੰ) ਵਾਹਿਗੁਰੂ ਦਾ ਨਾਮ ਭੁੱਲ ਗਿਆ ਹੈ।ਨਾਨਕ

ਗੁਰੂ ਜੀ ਆਖਦੇ ਹਨ ਕਿ ਹਰੀ ਦੇ ਭਜਨ ਤੋਂ ਬਿਨਾ (ਮਨੁੱਖਾ) ਜੀਵਨ ਕਿਸ ਕੰਮ? ਭਾਵ ਕਿਸੇ ਕੰਮ ਦਾ ਨਹੀ, ਨਿਸਫਲ ਹੈ।੨੯।
ਪਦਾਰਥ = ਮਾਇਆ ਮਹਿ–ਮਾਇਆ ਵਿਚ। ਫਧਿ ਰਹਿਓ–ਫਸਿਆ (ਉਲਝਿਆ) ਰਹਿੰਦਾ ਹੈ। ਬਿਸਰਿਓ–ਭੁੱਲ ਗਿਆ ਹੈ। ਕਉਨੇ ਕਾਮ–ਕਿਸ ਕੰਮ ਦਾ ਹੈ?।੩੦।
ਪ੍ਰਾਨੀ ਰਾਮੁ ਨ ਚੇਤਈ, ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਹਰਿ ਭਜਨ ਬਿਨੁ, ਪਰਤ ਤਾਹਿ ਜਮ ਫੰਧ ॥੩੧॥ (ਜਿਹੜਾ) ਮਨੁੱਖ ਵਾਹਿਗੁਰੂ ਨੂੰ ਨਹੀ ਸਿਮਰਦਾ ਅਤੇ ਮਾਇਆ ਦੇ ਨਸ਼ੇ (ਹੰਕਾਰ) ਵਿਚ ਅੰਨ੍ਹਾ ਹੋਇਆ (ਫਿਰਦਾ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹਿਗੁਰੂ ਦੇ ਭਜਨ ਤੋਂ ਬਿਨਾ ਉਸ (ਮਨੁੱਖ) ਦੇ ਗਲ ਵਿਚ ਜਮਾਂ ਦੇ ਫੰਧੇ ਪੈਂਦੇ ਹਨ।੩੧।

(ਇਸ ਸਲੋਕ ਨਾਲ ੨੬ ਵਾਂ ਸਲੋਕ ਮਿਲਦਾ ਜੁਲਦਾ ਹੈ)।

ਸੁਖ ਮੈ ਬਹੁ ਸੰਗੀ ਭਏ, ਦੁਖ ਮੈ ਸੰਗਿ ਨ ਕੋਇ ॥ ਕਹੁ ਨਾਨਕ ਹਰਿ ਭਜੁ ਮਨਾ, ਅੰਤਿ ਸਹਾਈ ਹੋਇ ॥੩੨॥ (ਹੇ ਭਾਈ! ਮਾਇਕ) ਸੁੱਖਾਂ ਵੇਲੇ ਤਾਂ ਮਨੁੱਖ ਦੇ ਬਹੁਤ ਸੰਗੀ ਸਾਥੀ ਬਣ ਜਾਂਦੇ ਹਨ, (ਪਰ) ਬਿਪਤਾ ਸਮੇਂ (ਸਹਾਇਤਾ ਕਰਨ ਜਾਂ ਦੁੱਖ ਵੰਡਾਉਣ ਲਈ) ਕੋਈ ਵੀ ਸਾਥੀ ਨਹੀ ਬਣਦਾ {ਸੁਖ ਮੈ ਆਨਿ ਬਹੁਤੁ ਮਿਲਿ ਬੈਠਤ, ਰਹਤ ਚਹੂ ਦਿਸਿ ਘੇਰੈ। ਬਿਪਤਿ ਪਰੀ ੬੩੪}। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮਨ! ਵਾਹਿਗੁਰੂ ਦਾ ਭਜਨ ਕਰ, ਜੋ ਅੰਤ ਵੇਲੇ (ਸਭ ਦਾ) ਸਹਾਈ ਹੁੰਦਾ ਹੈ।੩੨।
ਪਦਾਰਥ = ਸੰਗੀ–ਸਾਥੀ; ਮਿਤ੍ਰ ਮੇਲੀ। ਸਹਾਈ–ਸਹਾਇਤਾ ਕਰਨ ਵਾਲਾ। ੩੨।
ਜਨਮ ਜਨਮ ਭਰਮਤ ਫਿਰਿਓ, ਮਿਟਿਓ ਨ ਜਮ ਕੋ ਤ੍ਰਾਸੁ ॥ ਕਹੁ ਨਾਨਕ ਹਰਿ ਭਜੁ ਮਨਾ, ਨਿਰਭੈ ਪਾਵਹਿ ਬਾਸੁ ॥੩੩॥ (ਹੇ ਮਨੁੱਖ! ਤੂੰ) ਅਨੇਕ ਜਨਮਾਂ ਵਿਚ ਭਟਕਦਾ ਫਿਰਦਾ ਰਿਹਾ ਹੈਂ, (ਪਰ ਤੇਰੇ ਮਨ ਵਿਚੋਂ) ਜਮਾਂ ਦਾ ਡਰ ਨਹੀ ਮਿਟਿਆ ਹੈ (ਕਿਉਂਕਿ ਸਿਮਰਨ ਨਹੀਂ ਕੀਤਾ)। ਨਾਨਕ ਗੁਰੂ ਜੀ ਆਖਦੇ ਹਨ, ਹੇ ਮਨ! (ਹੁਣ ਵੀ ਤੂੰ) ਹਰੀ ਦਾ ਭਜਨ ਕਰ, (ਭਜਨ ਦੀ ਬਰਕਤ ਕਰਕੇ ਵਾਹਿਗੁਰੂ ਦੇ) ਭੈ ਰਹਿਤ (ਅਸਥਾਨ ਸੱਚਖੰਡ) ਵਿਚ ਟਿਕਾਣਾ ਪਾ ਲਵੇਂਗਾ (ਜਿੱਥੇ ਜਮਾਂ ਦਾ ਕੋਈ ਡਰ ਨਹੀਂ)।੩੩।
ਪਦਾਰਥ = ਜਨਮ ਜਨਮ–ਬਹੁਤ ਜਨਮਾਂ (ਜਨਮਾਂ ਜਨਮਾਂਤ੍ਰਾਂ) ਵਿਚ। ਭਰਮਤ ਫਿਰਿਓ–ਭਟਕਦਾ ਫਿਰਦਾ ਰਿਹਾ ਹੈਂ। ਮਿਟਿਓ ਨ–ਨਹੀ ਮਿਟ ਸਕਿਆ। ਕੋ–ਦਾ। ਤ੍ਰਾਸੁ–ਡਰ। ਨਿਰਭੈ–ਡਰ ਰਹਿਤ ਸਥਾਨ ਸੱਚਖੰਡ ਵਿਚ। ਪਾਵਹਿ ਬਾਸੁ–ਨਿਵਾਸ ਪਾ ਲਵੇਂਗਾ।੩੩।
ਅੰਗ ੧੪੨੮ = ਜਤਨ ਬਹੁਤੁ ਮੈ ਕਰਿ ਰਹਿਓ, ਮਿਟਿਓ ਨ ਮਨ ਕੋ ਮਾਨੁ ॥ ਦੁਰਮਤਿ ਸਿਉ ਨਾਨਕ ਫਧਿਓ, ਰਾਖਿ ਲੇਹੁ ਭਗਵਾਨ ॥੩੪॥ (ਵਾਹਿਗੁਰੂ ਅੱਗੇ ਇਉਂ ਬੇਨਤੀ ਕਰੇ) ਮੈਂ ਬਹੁਤ ਜਤਨ ਕਰ ਕੇ ਥੱਕ ਗਿਆ (ਜਾਂ ਬਹੁਤ ਜਤਨ ਕਰ ਰਿਹਾ) ਹਾਂ, ਪਰ ਮਨ ਦਾ ਮਾਣ (ਅਜੇ ਤਕ) ਨਹੀਂ ਮਿਟਿਆ (ਧੂਣੀਆਂ ਤਾਪੀਆਂ, ਵਰਤ ਰੱਖੇ, ਯੱਗ ਕੀਤੇ, ਦੇਵੀ ਦੇਵਤੇ ਪੂਜੇ, ਚਲੀਸੇ ਕੱਟੇ ਤੇ ਮੰਤ੍ਰਾਂ ਦਾ ਜਾਪ ਆਦਿ ਕਰਮਾਂ ਰਾਹੀਂ ਬੜੇ ਜਤਨ ਕੀਤੇ, ਪਰ ਮਨ ਦੀ ਹਉਮੈ ਦੂਰ ਨਹੀ ਹੋਈ)। ਨਾਨਕ ਗੁਰੂ ਜੀ ਆਖਦੇ ਹਨ (ਕਿ ਮਨੁੱਖ ਇਉਂ ਆਰਦਾਸ ਕਰੇ) ਮੈਂ ਖੋਟੀ ਬੁੱਧੀ ਨਾਲ (ਵਿਚ) ਫਸਿਆ ਹੋਇਆ ਹਾਂ, ਹੇ ਵਾਹਿਗੁਰੂ! (ਮੈਨੂੰ ਹੰਕਾਰ ਆਦਿਕ ਵਿਕਾਰਾਂ ਤੋ ਬਚਾ) ਰੱਖ ਲਵੋ।੩੪।
ਪਦਾਰਥ = ਕਰਿ ਰਹਿਓ–ਕਰਕੇ ਰਹਿ (ਥੱਕ) ਗਿਆ; ਕਰ ਰਿਹਾ ਹਾਂ। ਮਨ ਕੋ ਮਾਨੁ–ਮਨ ਦਾ ਹੰਕਾਰ। ਦੁਰਮਤਿ–ਖੋਟੀ ਬੁੱਧੀ। ਸਿਉ–ਨਾਲ (ਵਿਚ)। ਫਧਿਓ–ਫਸਿਆ ਹਾਂ। ਰਾਖਿ ਲੇਹੁ–ਰੱਖ (ਬਚਾ) ਲਵੋ। ਭਗਵਾਨ–ਹੇ ਵਾਹਿਗੁਰੂ!।੩੪।
ਬਾਲ ਜੁਆਨੀ ਅਰੁ ਬਿਰਧਿ ਫੁਨਿ, ਤੀਨਿ ਅਵਸਥਾ ਜਾਨਿ ॥ ਕਹੁ ਨਾਨਕ ਹਰਿ ਭਜਨ ਬਿਨੁ, ਬਿਰਥਾ ਸਭ ਹੀ ਮਾਨੁ ॥੩੫॥ ਹੇ ਭਾਈ! (ਪਹਿਲਾਂ) ਬਚਪਨ, (ਇਸ ਤੋਂ ਬਾਦ ਆਉਂਦੀ ਹੈ) ਜੁਆਨੀ ਤੇ ਫਿਰ ਬੁਢੇਪਾ, (ਤੂੰ ਸਰੀਰ ਦੀਆਂ ਇਹ) ਤਿੰਨ ਹਾਲਤਾਂ ਜਾਣ ਲੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਭਜਨ ਤੋਂ ਬਿਨਾ ਇਹ ਸਾਰੀਆਂ ਵਿਅਰਥ ਹੀ (–ਗੁਜਰ ਗਈਆਂ) ਮੰਨ ਲੈ।੩੫।
ਪਦਾਰਥ = ਬਾਲ–ਬਚਪਨ। ਅਰੁ–ਅਤੇ। ਬਿਰਧਿ–ਬੁਢੇਪਾ। ਫੁਨਿ–ਫਿਰ। ਅਵਸਥਾ–ਹਾਲਤਾਂ; ਉਮਰ ਦੇ ਭੇਦ। ਜਾਨਿ–ਜਾਣ ਲੈ। ਸਭ ਹੀ–ਸਾਰੀਆਂ (ਤਿੰਨੇ ਹਾਲਤਾਂ) ਹੀ। ਮਾਨੁ–ਮੰਨ ਲਵੋ।੩੫।
ਕਰਣੋ ਹੁਤੋ ਸੁ ਨਾ ਕੀਓ, ਪਰਿਓ ਲੋਭ ਕੈ ਫੰਧ ॥ ਨਾਨਕ ਸਮਿਓ ਰਮਿ ਗਇਓ, ਅਬ ਕਿਉ ਰੋਵਤ ਅੰਧ ॥੩੬॥ ਹੇ ਪੁਰਖਾ! ਜੋ (ਸੇਵਾ ਸਿਮਰਨ ਆਦਿ ਕਰਮ) ਕਰਨਾ ਸੀ, ਉਹ ਤਾਂ ਕੀਤਾ ਨਹੀਂ, (ਮਾਯਾ ਤੇ ਪਦਾਰਥਾਂ ਦੇ) ਲੋਭ ਦੇ ਫੰਧੇ ਵਿਚ ਪਿਆ (ਫਸਿਆ) ਰਿਹਾ। ਨਾਨਕ ਗੁਰੂ ਜੀ ਆਖਦੇ ਹਨ (ਕਿ ਤੇਰਾ ਭਜਨ ਕਰਨ ਦਾ) ਸਮਾਂ ਬੀਤ ਗਿਆ ਹੈ, ਹੇ ਅੰਨ੍ਹੇ (ਪੁਰਖ! ਬੁਢੇਪਾ ਆਉਣ ਤੇ) ਹੁਣ ਕਿਉਂ ਰੋਂਦਾ ਹੈਂ? (ਹੁਣ ਪਛਤਾਵਾ ਕਰਨ ਦਾ ਕੋਈ ਲਾਭ ਨਹੀਂ)।੩੬।
ਪਦਾਰਥ = ਕਰਣੋ ਹੁਤੋ–ਜੋ ਕੁਛ ਕਰਨਾ ਸੀ। ਸੁ–ਉਹ। ਨਾ ਕੀਓ–ਕੀਤਾ ਨਹੀਂ। ਪਰਿਓ–ਪੈ ਗਿਆ; ਫਸ ਗਿਆ। ਫੰਧ–ਫੰਧਾ; ਫਾਹੀ। ਸਮਿਓ–ਸਮਾਂ। ਰਮਿ ਗਇਓ–ਚਲਾ ਗਿਆ; ਬੀਤ ਗਿਆ। ਅਬ–ਹੁਣ। ਅੰਧ–ਹੇ ਅੰਨ੍ਹੇ (ਅਗਿਆਨੀ ਮਨੁੱਖ!)।੩੬।
ਵਿਆਖਿਆ = ਸਮੇਂ ਅਤੇ ਰੁੱਤ ਅਨੁਸਾਰ ਬੀਜ ਬੀਜਿਆ ਚੰਗਾ ਫਲ ਦਿੰਦਾ ਹੈ, ਸਮੇਂ ਸਿਰ ਕੀਤਾ ਕੰਮ ਸਫਲ ਹੁੰਦਾ ਹੈ ਅਤੇ ਸੋਭਾ

ਦਿੰਦਾ ਹੈ।ਇਸੇ ਤਰ੍ਹਾਂ ਜਵਾਨੀ ਵਿਚ ਸਰੀਰ ਅਰੋਗ ਹੁੰਦਾ ਹੈ, ਸਾਰੇ ਇੰਦ੍ਰੇ ਠੀਕ ਕੰਮ ਕਰਦੇ ਹੁੰਦੇ ਹਨ।ਇਸ ਜੁਆਨੀ ਦੇ ਵੇਲੇ ਭਜਨ ਕੀਤਾ ਜਾਵੇ ਤਾਂ ਹਰੀ ਪ੍ਰਾਪਤੀ ਛੇਤੀ ਹੋ ਜਾਂਦੀ ਹੈ।ਪਰ ਭਜਨ ਤਾਂ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ।ਇਹ ਗੱਲ ਲੋਭ ਵਿਚ ਫਸੇ ਆਮ ਲੋਕਾਂ ਦੀ ਹੈ, ਜੋ ਜੁਆਨੀ ਵੇਲੇ ਵਿਸ਼ਿਆਂ ਵਿਚ ਪਏ ਰਹਿੰਦੇ ਹਨ।ਬੁਢੇਪੇ ਵਿਚ ਸਾਰੇ ਇੰਦ੍ਰੇ ਕਮਜੋਰ ਹੋ ਜਾਂਦੇ ਹਨ, ਜੁਆਨੀ ਦੀਆਂ ਪੱਕੀਆਂ ਆਦਤਾਂ ਅਤੇ ਬਣਿਆ ਮਾੜਾ ਸੁਭਾਵ ਭਜਨ ਕਰਨ ਨਹੀਂ ਦਿੰਦਾ।੩੬।

ਮਨੁ ਮਾਇਆ ਮੈ ਰਮਿ ਰਹਿਓ, ਨਿਕਸਤ ਨਾਹਿਨ ਮੀਤ ॥ ਨਾਨਕ ਮੂਰਤਿ ਚਿਤ੍ਰ ਜਿਉ, ਛਾਡਿਤ ਨਾਹਿਨ ਭੀਤਿ ॥੩੭॥ (ਇਸ ਮਨੁੱਖ ਦਾ) ਮਨ ਮਾਇਆ ਵਿਚ ਫਸਿਆ ਰਹਿੰਦਾ ਹੈ, ਹੇ ਮਿਤ੍ਰ! (ਮਾਯਾ ਦੇ ਮੋਹ ਵਿਚੋਂ ਮਨ) ਨਿਕਲਦਾ ਨਹੀ।ਜਿਵੇਂ (ਕੰਧ ਉਤੇ) ਚਿਤ੍ਰੀ ਹੋਈ ਮੂਰਤ ਕੰਧ ਨੂੰ ਛਡਦੀ ਨਹੀਂ (ਇਸੇ ਤਰ੍ਹਾਂ ਮਨ ਮਾਯਾ ਨੂੰ ਨਹੀਂ ਛਡਦਾ)।੩੭।

ਪਦਾਰਥ = ਮਾਇਆ ਮੈ–ਮਾਇਆ ਵਿਚ।ਰਮਿ ਰਹਿਓ–ਫਸਿਆ ਰਹਿੰਦਾ ਹੈ।ਨਿਕਸਤ ਨਾਹਿਨ–ਨਿਕਲਦਾ ਨਹੀਂ।ਮੀਤ–ਹੇ ਮਿਤ੍ਰ।ਮੂਰਤਿ ਚਿਤ੍ਰ–ਚਿਤ੍ਰੀ ਹੋਈ ਮੂਰਤ।ਭੀਤਿ–ਕੰਧ ਨੂੰ।੩੭।

ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ ॥ ਚਿਤਵਤ ਰਹਿਓ ਠਗਉਰ, ਨਾਨਕ ਫਾਸੀ ਗਲਿ ਪਰੀ ॥੩੮॥ (ਸਿਮਰਨ ਹੀਣ) ਮਨੁੱਖ ਚਾਹੁੰਦਾ ਤਾਂ ਕੁਛ ਹੋਰ ਹੈ, (ਪਰ ਵਾਹਿਗੁਰੂ ਦੇ ਹੁਕਮ ਅਨੁਸਾਰ) ਕੁਛ ਹੋਰ ਦੀ ਹੋਰ ਹੀ (ਗੱਲ) ਹੋ ਗਈ ਹੈ {ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ੪੯੬; ਕਬੀਰ ਜੋ ਮੈ ਚਿਤਵਉ ਨ ਕਰੈ, ਕਿਆ ਮੇਰੇ ਚਿਤਵੇ ਹੋਇ ੧੩੭੬}।(ਇਹ ਮਨੁੱਖ ਹੋਰਨਾਂ ਨੂੰ) ਠੱਗਣ ਦੀਆਂ (ਵਿਉਂਤਾਂ) ਸੋਚਦਾ ਰਿਹਾ ਹੈ (ਜਿਸ ਕਰਕੇ ਅੰਤ ਨੂੰ ਜਮਾਂ ਦੀ) ਫਾਹੀ ਗਲ ਵਿਚ ਪੈ ਗਈ ਹੈ।੩੮।

ਪਦਾਰਥ = ਨਰ–ਮਨੁੱਖ।ਚਾਹਤ–ਚਾਹੁੰਦਾ ਹੈ।ਅਉਰੈ ਕੀ ਅਉਰੈ–ਹੋਰ ਦੀ ਹੋਰ (ਗੱਲ)।ਭਈ–ਹੋ ਗਈ।ਚਿਤਵਤ ਰਹਿਓ–ਸੋਚਦਾ ਰਿਹਾ।ਠਗਉਰ–ਠੱਗ+ਅਉਰ–ਹੋਰਾਂ ਨੂੰ ਠੱਗਣ ਦੀਆਂ (ਵਿਉਂਤਾਂ)।ਫਾਸੀ–ਫਾਹੀ।ਗਲਿ ਪਰੀ–ਗਲ ਵਿਚ ਪੈ ਗਈ।੩੮।

ਜਤਨ ਬਹੁਤ ਸੁਖ ਕੇ ਕੀਏ, ਦੁਖ ਕੋ ਕੀਓ ਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ, ਹਰਿ ਭਾਵੈ ਸੋ ਹੋਇ ॥੩੯॥ (ਮਨੁੱਖ ਨੇ ਸੰਸਾਰਕ) ਸੁੱਖਾਂ ਦੀ ਪ੍ਰਾਪਤੀ ਦੇ ਬਹੁਤ ਜਤਨ ਕੀਤੇ, ਦੁਖਾਂ (ਦੀ ਪ੍ਰਾਪਤੀ) ਦਾ ਕੋਈ (ਜਤਨ) ਨਹੀਂ ਕੀਤਾ (ਜਾਂ ਜਨਮ ਮਰਨ ਦੇ ਦੁਖਾਂ ਨੂੰ ਦੂਰ ਕਰਨ ਦਾ ਕੋਈ ਜਤਨ ਨਹੀਂ ਕੀਤਾ)।ਨਾਨਕ ਗੁਰੂ ਜੀ ਆਖਦੇ ਹਨ, ਹੇ ਮਨ! ਸੁਣ, ਜੋ ਹਰੀ ਨੂੰ ਚੰਗਾ ਲਗਦਾ ਹੈ, ਉਹ ਕੁਛ ਹੀ ਹੁੰਦਾ ਹੈ (ਸੁਖ ਦੁਖ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਮਿਲਦੇ ਹਨ)।੩੯।

ਸੁਖ ਕਉ ਮਾਂਗੈ ਸਭੁ ਕੋ, ਦੁਖ ਨ ਮਾਂਗੈ ਕੋਇ।ਸੁਖੈ ਕਉ ਦੁਖੁ ਅਗਲਾ, ਮਨਮੁਖਿ ਬੂਝਿ ਨ ਹੋਇ।(੫੭)

ਪਦਾਰਥ = ਸੁਖ ਕੇ ਕੀਏ–ਸੁੱਖਾਂ ਦੇ ਕੀਤੇ।ਕੋ–ਦਾ।ਹਰਿ ਭਾਵੈ–ਹਰੀ ਨੂੰ ਭਾਉਂਦਾ (ਚੰਗਾ ਲਗਦਾ) ਹੈ।ਸੋ–ਉਹ।੩੯।

ਜਗਤੁ ਭਿਖਾਰੀ ਫਿਰਤੁ ਹੈ, ਸਭ ਕੋ ਦਾਤਾ ਰਾਮੁ ॥ ਕਹੁ ਨਾਨਕ ਮਨ ਸਿਮਰੁ ਤਿਹ, ਪੂਰਨ ਹੋਵਹਿ ਕਾਮ ॥੪੦॥ ਸਾਰਾ ਸੰਸਾਰ ਮੰਗਤਾ ਹੋਇਆ (ਭਟਕਦਾ) ਫਿਰਦਾ ਹੈ, (ਪਰ ਇਕ) ਵਾਹਿਗੁਰੂ ਹੀ ਸਭ ਦਾ ਦਾਤਾ ਹੈ {ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ ੧੩੧੩}।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮਨ! ਉਸ (ਵਾਹਿਗੁਰੂ) ਦਾ ਸਿਮਰਨ ਕਰ, (ਜਿਸ ਕਰਕੇ ਤੇਰੇ ਸਾਰੇ) ਕਾਰਜ ਪੂਰੇ ਹੁਦੇ ਰਹਿਣਗੇ।੪੦।

ਪਦਾਰਥ = ਫਿਰਤੁ ਹੈ–ਫਿਰਦਾ ਹੈ।ਕੋ–ਦਾ।ਰਾਮੁ–ਅਕਾਲ ਪੁਰਖ।ਤਿਹ–ਉਸ ਨੂੰ।ਹੋਵਹਿ–ਹੁੰਦੇ ਰਹਿਣਗੇ।ਕਾਮ–ਕੰਮ।੪੦।

ਝੂਠੈ ਮਾਨੁ ਕਹਾ ਕਰੈ, ਜਗੁ ਸੁਪਨੇ ਜਿਉ ਜਾਨੁ ॥ ਇਨ ਮੈ ਕਛੁ ਤੇਰੋ ਨਹੀ, ਨਾਨਕ ਕਹਿਓ ਬਖਾਨਿ ॥੪੧॥ (ਹੇ ਮਨੁੱਖ! ਸੰਸਾਰ ਦੇ) ਝੂਠੇ ਪਦਾਰਥਾਂ ਦਾ ਮਾਣ ਕਿਉਂ ਕਰਦਾ ਹੈਂ, (ਤੂੰ ਇਸ) ਜਗਤ ਨੂੰ ਸੁਫਨੇ ਵਾਂਗ ਸਮਝ।(ਸੰਸਾਰ ਦੇ) ਇਨ੍ਹਾਂ ਪਦਾਰਥਾਂ ਵਿਚੋਂ ਕੁਛ ਵੀ ਤੇਰਾ ਅਪਣਾ ਨਹੀਂ ਹੈ, ਨਾਨਕ ਗੁਰੂ ਜੀ ਵਖਿਆਨ ਕਰਕੇ (ਤੈਨੂੰ) ਦੱਸ ਰਹੇ ਹਨ।੪੧।

ਪਦਾਰਥ = ਝੂਠੈ–ਝੂਠੇ (ਨਾਸ਼ਵੰਤ ਪਦਾਰਥਾਂ ਦਾ)।ਮਾਨੁ–ਮਾਣ; ਹੰਕਾਰ।ਕਹਾ–ਕਿਉਂ।ਜਗੁ–ਜਗਤ ਨੂੰ।ਜਿਉਂ–ਵਾਂਗ; ਜਿਵੇਂ।ਜਾਨੁ–ਸਮਝ।ਇਨ ਮੈ–ਇਨ੍ਹਾਂ ਵਿਚ।ਕਹਿਓ ਬਖਾਨਿ–ਚੰਗੀ ਤਰ੍ਹਾਂ ਖੋਲ੍ਹ ਕੇ ਵਿਆਖਿਆ ਕਰਕੇ ਦਸਦੇ ਹਨ।੪੧।

ਗਰਬੁ ਕਰਤੁ ਹੈ ਦੇਹ ਕੋ, ਬਿਨਸੈ ਛਿਨ ਮੈ ਮੀਤ ॥ ਜਿਹਿ ਪ੍ਰਾਨੀ ਹਰਿ ਜਸੁ ਕਹਿਓ, ਨਾਨਕ ਤਿਹਿ ਜਗੁ ਜੀਤਿ ॥੪੨॥ (ਮਨੁੱਖ) ਜਿਸ ਦੇਹ ਦਾ ਹੰਕਾਰ ਕਰਦਾ ਹੈ, ਹੇ ਮਿਤ੍ਰ! (ਇਹ ਦੇਹ) ਖਿਨ ਵਿਚ ਨਾਸ਼ ਹੋ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੇ ਹਰੀ ਦਾ ਜਸ ਕਿਹਾ (ਗਾਇਆ) ਹੈ, ਉਸ (ਮਨੁੱਖ) ਨੇ ਜਗਤ ਨੂੰ ਜਿਤ ਲਿਆ ਹੈ।੪੨।

ਪਦਾਰਥ = ਗਰਬੁ–ਹੰਕਾਰ।ਕਰਤੁ–ਕਰਦਾ ਹੈ।ਦੇਹ ਕੋ–ਦੇਹ ਦਾ।ਬਿਨਸੈ–ਨਾਸ਼ ਹੋ ਜਾਂਦੀ ਹੈ।ਛਿਨ ਮੈ–ਖਿਨ ਵਿਚ।ਮੀਤ–ਹੇ ਮਿਤ੍ਰ!।ਜਿਹਿ ਪ੍ਰਾਨੀ–ਜਿਸ ਮਨੁੱਖ ਨੇ।ਕਹਿਓ–ਕਿਹਾ ਭਾਵ ਗਾਇਆ ਹੈ।ਤਿਹਿ–ਉਸ ਨੇ।ਜਗੁ ਜੀਤਿ–ਜਗਤ ਨੂੰ ਜਿਤ ਲਿਆ ਹੈ।੪੨।

ਜਿਹ ਘਟਿ ਸਿਮਰਨੁ ਰਾਮ ਕੋ, ਸੋ ਨਰੁ ਮੁਕਤਾ ਜਾਨੁ ॥ ਤਿਹਿ ਨਰ ਹਰਿ ਅੰਤਰੁ ਨਹੀ, ਨਾਨਕ ਸਾਚੀ ਮਾਨੁ ॥੪੩॥ ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਵਾਹਿਗੁਰੂ ਦਾ ਸਿਮਰਨ ਹੈ, ਉਹ ਪੁਰਖ ਮੁਕਤ ਹੋਇਆ ਸਮਝੋ।ਉਸ ਮਨੁੱਖ ਤੇ ਵਾਹਿਗੁਰੂ ਵਿਚ ਕੋਈ

ਫਰਕ ਨਹੀਂ, ਨਾਨਕ ਗੁਰੂ ਜੀ ਬਚਨ ਕਰਦੇ ਹਨ ਕਿ (ਸਾਡੀ ਕਹੀ ਹੋਈ ਇਹ ਗੱਲ) ਸੱਚੀ ਮੰਨ ਲਵੋ।੪੩।

ਪਦਾਰਥ = ਜਿਹ ਘਟਿ–ਜਿਸ ਹਿਰਦੇ ਵਿਚ।ਕੋ–ਦਾ।ਸੋ ਨਰੁ–ਉਹ ਮਨੁੱਖ।ਜਾਨੁ–ਸਮਝੋ।ਤਿਹਿ ਨਰ–ਉਸ ਮਨੁੱਖ ਵਿਚ।ਅੰਤਰੁ–ਫਰਕ; ਭੇਦ।ਸਾਚੀ ਮਾਨੁ–ਸੱਚੀ ਮੰਨ ਲਵੋ।੪੩।

ਏਕ ਭਗਤਿ ਭਗਵਾਨ, ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ ਸੁਆਨ, ਨਾਨਕ ਮਾਨੋ ਤਾਹਿ ਤਨੁ ॥੪੪॥ ਇਕ ਅਕਾਲ ਪੁਰਖ ਦੀ ਭਗਤੀ ਜਿਸ ਪ੍ਰਾਣੀ ਦੇ ਮਨ ਵਿਚ ਨਹੀ ਹੈ।ਜਿਸ ਤਰ੍ਹਾਂ ਦਾ ਕੁਤੇ ਤੇ ਸੂਰ (ਦਾ ਸਰੀਰ ਗੰਦਾ) ਹੁੰਦਾ ਹੈ, ਨਾਨਕ ਗੁਰੂ ਜੀ ਕਹਿੰਦੇ ਹਨ ਕਿ (ਇਸੇ ਤਰ੍ਹਾਂ) ਉਸ ਮਨੁੱਖ ਦਾ ਸਰੀਰ ਮੰਨ ਲਓ।੪੪।

ਪਦਾਰਥ = ਜਿਹ ਕੈ–ਜਿਸ ਦੇ।ਮਨਿ–ਮਨ ਵਿਚ।ਸੂਕਰ–ਸੂਰ।ਸੁਆਨ–ਕੁੱਤਾ।ਮਾਨੋ–ਮੰਨ ਲਓ।ਤਾਹਿ ਤਨੁ–ਉਸਦਾ ਸਰੀਰ।੪੪।

ਵਿਆਖਿਆ = ਵੈਸੇ ਤਾਂ ਮਨੁਖਾ ਸਰੀਰ ਬਹੁਤ ਉਤਮ ਹੈ, ਪਰ ਬੰਦਾ ਜਿਹੋ ਜਿਹੇ ਕਰਮ ਕਰਦਾ ਹੈ ਉਹ ਜਿਹਾ ਨਾਂ ਪੈ ਜਾਂਦਾ ਹੈ। {ਬਿਨ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ੧੩੦੦}, ਹਰੀ ਭਜਨ ਤੋਂ ਬਿਨਾ ਮਨੁੱਖ ਪਸ਼ੂਆਂ ਤੋਂ ਵੀ ਭੈੜਾ ਹੈ। ਮਨੁਖ ਉਤਮ ਤਾਂ ਹੈ ਜੇ ਉਤਮ ਕਰਮ ਕਰੇ।ਖਾਣਾ ਪੀਣਾ ਸੌਣਾ ਭੋਗਣਾ ਅਦਿ ਕੰਮ ਤਾਂ ਪਸ਼ੂ ਤੇ ਜਾਨਵਰ ਵੀ ਕਰਦੇ ਹਨ।

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ, ਧ੍ਰਿਗੰਤ ਜਨਮ ਭ੍ਰਸਟਣਹ।ਕੂਕਰਹ ਸੂਕਰਹ ਗਰਧਭਹ ਕਾਕਹ, ਸਰਪਨਹ ਤੁਲਿ ਖਲਹ।(੧੩੫੬)

ਸੁਆਮੀ ਕੋ ਗ੍ਰਿਹੁ ਜਿਉ ਸਦਾ, ਸੁਆਨ ਤਜਤ ਨਹੀ ਨਿਤ ॥ ਨਾਨਕ ਇਹ ਬਿਧਿ ਹਰਿ ਭਜਉ, ਇਕ ਮਨਿ ਹੁਇ ਇਕ ਚਿਤਿ ॥੪੫ ॥ ਜਿਵੇਂ ਕੁੱਤਾ (ਅਪਣੇ) ਮਾਲਕ ਦਾ ਘਰ ਕਦੇ ਨਹੀਂ ਛਡਦਾ, ਹਰ ਰੋਜ ਸਦਾ (ਬੂਹੇ ਅੱਗੇ ਬੈਠਾ ਰਹਿੰਦਾ ਹੈ)।ਨਾਨਕ ਗੁਰੂ ਜੀ (ਸਾਨੂੰ ਸਿਖਿਆ ਦੇਂਦੇ ਹਨ ਕਿ ਤੁਸੀਂ ਵੀ) ਇਸੇ ਤਰੀਕੇ ਨਾਲ ਇਕ ਮਨ ਤੇ ਇਕ ਚਿਤ (ਦ੍ਰਿੜ) ਹੋ ਕੇ ਹਰੀ ਦਾ ਭਜਨ ਕਰੋ।੪੫।

ਪਦਾਰਥ = ਸੁਆਮੀ ਕੋ–ਮਾਲਕ ਦਾ।ਗ੍ਰਿਹੁ–ਘਰ।ਸੁਆਨ–ਕੁੱਤਾ।ਤਜਤ ਨਹੀ–ਛਡਦਾ ਨਹੀਂ।ਨਿਤ–ਹਰ ਰੋਜ।ਇਹ ਬਿਧਿ–ਇਸ ਤਰੀਕੇ ਨਾਲ।ਭਜਉ–ਭਜਨ ਕਰੋ।ਇਕ ਮਨਿ–ਇਕ ਮਨ ਹੋ ਕੇ।ਇਕ ਚਿਤਿ–ਇਕ ਚਿਤ ਹੋ ਕੇ।੪੫।

ਵਿਆਖਿਆ = ਕੁੱਤੇ ਦਾ ਅਪਣੇ ਮਾਲਕ ਪ੍ਰਤੀ ਪ੍ਰੇਮ ਬਹੁਤ ਮੰਨੀ ਪ੍ਰਮੰਨੀ ਗੱਲ ਹੈ, ਕੁੱਤਾ ਬਹੁਤ ਬਫਾਦਾਰ ਜਾਨਵਰ ਹੈ, ਅਪਣੇ ਮਾਲਕ ਲਈ ਜਾਨ ਵਾਰ ਦੇਂਦਾ ਹੈ।ਨੀਂਦ ਦਾ ਸੁੱਖ ਛਡ ਕੇ ਸਾਰੀ ਰਾਤ ਪਹਿਰਾ ਦੇਂਦਾ ਹੈ।ਜਿਵੇਂ ਕੁੱਤਾ ਅਪਣੇ ਇਕੋ ਮਾਲਕ ਦਾ ਅਸਰਾ ਰੱਖ ਕੇ ਉਸਦੇ ਘਰ ਨੂੰ ਛਡਦਾ ਨਹੀਂ, ਇਸੇ ਤਰ੍ਹਾਂ ਸਾਨੂੰ ਦੂਏ ਦਾ ਆਸਰਾ ਛਡ ਕੇ ਕੇਵਲ ਇਕ ਨਿਰੰਕਾਰ ਪਰਾਇਣ ਹੋਣਾ ਚਾਹੀਦਾ ਹੈ।ਹਮ ਕੂਕਰ ਤੇਰੇ ਦਰਬਾਰਿ।ਭਉਕਹਿ ਆਗੈ ਬਦਨੁ ਪਸਾਰਿ।(੯੬੯ ਕਬੀਰ ਜੀ)

ਤੀਰਥ ਬਰਤ ਅਰੁ ਦਾਨ ਕਰਿ, ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ, ਜਿਉ ਕੁੰਚਰ ਇਸਨਾਨੁ ॥੪੬॥ (ਜੇ ਕੋਈ ਮਨੁੱਖ) ਤੀਰਥਾਂ ਤੇ ਇਸ਼ਨਾਨ ਕਰਕੇ, ਵਰਤ ਰੱਖ ਕੇ ਅਤੇ ਦਾਨ ਕਰਕੇ ਮਨ ਵਿਚ ਗੁਮਾਨ ਰੱਖਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦੇ (ਤੀਰਥ ਸ਼ਨਾਨ, ਵਰਤ ਅਤੇ ਦਾਨ ਆਦਿ ਸਾਰੇ ਕਰਮ ਇਸ ਤਰ੍ਹਾਂ) ਨਿਸਫਲ ਚਲੇ ਜਾਂਦੇ ਹਨ, ਜਿਵੇਂ ਹਾਥੀ ਦਾ ਕੀਤਾ ਹੋਇਆ ਇਸ਼ਨਾਨ (ਵਿਅਰਥ ਚਲਾ ਜਾਂਦਾ ਹੈ, ਕਿਉਂਕਿ ਹਾਥੀ ਨਹਾ ਕੇ ਆਪਣੇ ਉਤੇ ਮਿੱਟੀ ਪਾ ਲੈਂਦਾ ਹੈ।ਮਨੁੱਖ ਵੀ ਧਰਮ ਦੇ ਕਰਮ ਕਰਕੇ ਅਪਣੇ ਉਤੇ ਹੰਕਾਰ ਦੀ ਖੇਹ ਪਾ ਲੈਂਦਾ ਹੈ)।੪੬।

ਪਦਾਰਥ = ਤੀਰਥ–ਤੀਰਥਾਂ ਦਾ ਇਸ਼ਨਾਨ।ਬਰਤ–ਵਰਤ।ਅਰੁ–ਅਤੇ।ਮਨ ਮੈ–ਮਨ ਵਿਚ।ਧਰੈ ਗੁਮਾਨੁ–ਹੰਕਾਰ ਕਰਦਾ ਹੈ।ਜਾਤ–ਚਲੇ ਜਾਂਦੇ ਹਨ।ਤਿਹ–ਉਸ ਦੇ।ਕੁੰਚਰ–ਹਾਥੀ ਦਾ।੪੬।

ਸਿਰੁ ਕੰਪਿਓ ਪਗ ਡਗਮਗੇ, ਨੈਨ ਜੋਤਿ ਤੇ ਹੀਨ ॥ ਕਹੁ ਨਾਨਕ ਇਹ ਬਿਧਿ ਭਈ, ਤਊ ਨ ਹਰਿ ਰਸਿ ਲੀਨ ॥੪੭॥ (ਬੁਢੇਪੇ ਦੇ ਕਾਰਣ ਮਨੁੱਖ ਦਾ) ਸਿਰ ਕੰਬਣ ਲਗ ਪਿਆ ਹੈ, ਪੈਰ ਥਿੜਕਣ ਲਗ ਪਏ ਹਨ, ਅੱਖਾਂ ਜੋਤ ਤੋਂ ਰਹਿਤ ਹੋ ਗਈਆਂ ਹਨ (ਦਿਸਣਾ ਘਟ ਗਿਆ ਹੈ)।ਨਾਨਕ ਗੁਰੂ ਜੀ ਆਖਦੇ ਹਨ, (ਕਿ ਬੁਢੇਪੇ ਕਰਕੇ ਮਨੁੱਖ ਦੀ) ਇਹ ਹਾਲਤ ਹੋ ਗਈ ਹੈ, ਫਿਰ ਵੀ ਹਰੀ (ਨਾਮ ਦੇ) ਅਨੰਦ ਵਿਚ ਲੀਨ (ਮਗਨ) ਨਹੀ ਹੁੰਦਾ; ਹਰੀ (ਦੇ ਨਾਮ) ਦਾ ਅਨੰਦ ਨਹੀ ਲੈਂਦਾ (ਮਾਣਦਾ)।੪੭।

ਪਦਾਰਥ = ਕੰਪਿਓ–ਕੰਬਣ ਲਗ ਗਿਆ।ਪਗ–ਪੈਰ।ਡਗਮਗੇ–ਥਿੜਕਣ ਲਗ ਪਏ।ਨੈਨ–ਅੱਖਾਂ।ਜੋਤਿ–ਅੱਖਾਂ ਅੰਦਰ ਦੇਖਣ ਵਾਲੀ ਸ਼ਕਤੀ।ਤੇ–ਤੋਂ।ਹੀਨ–ਖਾਲੀ; ਰਹਿਤ; ਘਟ।ਬਿਧਿ–ਹਾਲਤ।ਭਈ–ਹੋ ਗਈ।ਤਊ ਨ–ਫਿਰ ਵੀ।ਰਸਿ–ਅਨੰਦ ਵਿਚ।ਲੀਨ–ਮਗਨ; ਲਿਆ; ਮਾਣਿਆ।(ਬਿਰਧ ਅਵਸਥਾ ਦੇ ਦੁੱਖ ਦਾ ਵਰਨਣ ਕੀਤਾ ਹੈ)।੪੭।

ਨਿਜ ਕਰਿ ਦੇਖਿਓ ਜਗਤੁ ਮੈ, ਕੋ ਕਾਹੂ ਕੋ ਨਾਹਿ ॥ ਨਾਨਕ ਥਿਰੁ ਹਰਿ ਭਗਤਿ ਹੈ, ਤਿਹ ਰਾਖੋ ਮਨ ਮਾਹਿ ॥੪੮॥ ਹੇ ਭਾਈ! ਮੈਂ ਜਗਤ ਨੂੰ ਅਪਣਾ ਬਣਾ ਕੇ ਦੇਖ ਲਿਆ ਹੈ, (ਪਰ ਜਗਤ) ਵਿਚ ਕੋਈ ਕਿਸੇ ਦਾ (ਮਿਤ੍ਰ) ਨਹੀ ਹੈ; ਅਪਣੇ (ਤੌਰ ਤੇ ਮੈਂ ਪਰਖ) ਕਰਕੇ ਦੇਖ ਲਿਆ ਹੈ, ਜਗਤ ਵਿਚ ਕੋਈ ਕਿਸੇ ਦਾ (ਸੱਚਾ ਮਿੱਤ੍ਰ) ਨਹੀਂ (ਸਭ ਮਤਲਬੀ ਹਨ)।ਨਾਨਕ ਗੁਰੂ ਜੀ ਆਖਦੇ ਹਨ, ਹਰੀ ਦੀ ਭਗਤੀ ਸਦਾ ਕਾਇਮ ਰਹਿਣ (ਸਾਥ ਨਿਭਾਉਣ) ਵਾਲੀ ਹੈ, ਉਸ (ਭਗਤੀ) ਨੂੰ ਮਨ ਵਿਚ (ਟਿਕਾ ਕੇ) ਰੱਖੋ।੪੮।

ਪਦਾਰਥ = ਨਿਜ ਕਰਿ–ਅਪਣਾ ਬਣਾ ਕੇ। ਮੈ–ਮੈਂ। ਕੋ–ਕੋਈ। ਕਾਹੂ ਕੋ–ਕਿਸੇ ਦਾ। ਥਿਰੁ–ਸਦਾ ਕਾਇਮ ਰਹਿਣ ਵਾਲੀ। ਤਿਹ–ਉਸ (ਭਗਤੀ) ਨੂੰ। ਰਾਖੋ–(ਵਸ ਕੇ) ਰੱਖੋ। ਮਨ ਮਾਹਿ–ਮਨ ਵਿਚ। ੪੮।

ਅੰਗ ੧੪੨੯ = ਜਗ ਰਚਨਾ ਸਭ ਝੂਠ ਹੈ, ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ, ਜਿਉ ਬਾਲੂ ਕੀ ਭੀਤਿ ॥੪੯॥ ਹੇ ਮਿੱਤ੍ਰ! (ਇਹ ਗੱਲ ਤੂੰ) ਸਮਝ ਲੈ, ਕਿ ਜਗਤ ਦੀ ਰਚਨਾ ਸਭ ਮਿਥਿਆ (ਨਾਸ਼ਵੰਤ) ਹੈ। ਨੌਵੇਂ ਗੁਰੂ ਜੀ ਕਹਿੰਦੇ ਹਨ, (ਜਗਤ ਵਿਚ ਕੋਈ ਵੀ ਵਸਤੂ) ਸਥਿਰ ਨਹੀਂ ਰਹਿੰਦੀ, ਜਿਵੇਂ ਰੇਤ ਦੀ ਕੰਧ (ਨਹੀ ਠਹਿਰਦੀ, ਸੁੱਕੇ ਤੇ ਗਿਰ ਜਾਂਦੀ ਹੈ)। ੪੯।

ਬਾਰੂ ਭੀਤਿ ਬਨਾਈ ਰਚਿ ਪਚਿ, ਰਹਤ ਨਹੀ ਦਿਨ ਚਾਰਿ। ਤੈਸੇ ਹੀ ਇਹ ਸੁਖ ਮਾਇਆ ਕੇ, ਉਰਝਿਓ ਕਹਾ ਗਵਾਰ। (੬੩੩)

ਪਦਾਰਥ = ਝੂਠ–ਮਿਥਿਆ; ਨਾਸ਼ਵੰਤ। ਜਾਨਿ ਲੇਹੁ–ਸਮਝ ਲੈ। ਰੇ ਮੀਤ–ਹੇ ਮਿੱਤ੍ਰ। ਕਹਿ ਨਾਨਕ–ਨਾਨਕ ਕਹਿੰਦਾ ਹੈ। ਥਿਰੁ ਨਾ ਰਹੈ–ਸਦਾ ਟਿਕੀ ਨਹੀ ਰਹਿੰਦੀ। ਜਿਉ–ਜਿਵੇਂ; ਵਾਂਙ (ਰੇਤ ਦੀ ਕੰਧ ਵਾਂਗ)। ਬਾਲੂ–ਰੇਤ। ਭੀਤਿ–ਕੰਧ। ੪੯।

ਰਾਮੁ ਗਇਓ ਰਾਵਨੁ ਗਇਓ, ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ, ਸੁਪਨੇ ਜਿਉ ਸੰਸਾਰੁ ॥੫੦॥ (ਅਪਣੀ ਅਪਣੀ ਉਮਰ ਭੋਗ ਕੇ ਇਸ ਸੰਸਾਰ ਤੋਂ) ਰਾਮ ਚੰਦ੍ਰ ਜੀ ਵੀ ਚਲੇ ਗਏ ਅਤੇ ਰਾਵਣ ਵੀ ਚਲਾ ਗਿਆ, ਜਿਸ (ਰਾਵਨ) ਦਾ ਬਹੁਤ ਵੱਡਾ ਪਰਵਾਰ ਸੀ। ਨਾਨਕ ਗੁਰੂ ਜੀ ਆਖਦੇ ਹਨ, (ਸੰਸਾਰ ਵਿਚ) ਸਦਾ ਕਾਇਮ ਰਹਿਣ ਵਾਲਾ ਕੁਛ ਵੀ ਨਹੀਂ ਹੈ, (ਇਹ) ਸੰਸਾਰ ਸੁਪਨੇ ਵਾਂਗ (ਝੂਠਾ) ਹੈ। ੫੦। ਇਕੁ ਲਖੁ ਪੂਤ ਸਵਾ ਲਖੁ ਨਾਤੀ। ਤਿਹ ਰਾਵਨ ਘਰ ਦੀਆ ਨ ਬਾਤੀ। (੪੮੧)

ਪਦਾਰਥ = ਰਾਮੁ–(ਤ੍ਰੇਤੇ ਜੁਗ ਦੇ ਅਵਤਾਰ) ਰਾਮ ਚੰਦਰ ਜੀ। ਗਇਓ–(ਸੰਸਾਰ ਤੋਂ) ਕੂਚ ਕਰ ਗਿਆ। ਰਾਵਨੁ–ਲੰਕਾ ਦਾ ਰਾਜਾ ਰਾਵਣ। ਜਾ ਕਉ–ਜਿਸ (ਰਾਵਣ) ਦਾ। ਥਿਰੁ–ਅਚੱਲ; ਸਦਾ ਕਾਇਮ ਰਹਿਣ ਵਾਲਾ। ਜਿਉ–ਵਾਂਗ। ੫੦।

ਵਿਆਖਿਆ = ਸੰਪ੍ਰਦਾਈ ਵਿਦਵਾਨਾਂ ਦਾ ਕਹਿਣਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਕੈਦ ਹੋਣ ਤੇ ਆਪ ਦੀ ਮਾਤਾ ਨਾਨਕੀ ਜੀ ਚਿੰਤਾਤੁਰ ਹੋਏ ਅਤੇ ਇਕ ਗੁਰਸਿੱਖ ਨੂੰ ਭੇਜ ਕੇ ਦਿੱਲੀ ਤੋਂ ਗੁਰੂ ਜੀ ਦੀ ਸੁੱਖ ਸਾਂਦ ਦਾ ਪਤਾ ਮੰਗਵਾਇਆ। ਗੁਰੂ ਜੀ ਨੇ ਮਾਤਾ ਜੀ ਦੀ ਚਿੰਤਾ ਦੂਰ ਕਰਨ ਲਈ ੫੦ ਵਾਂ ਤੇ ੫੧ ਵਾਂ ਦੋ ਸਲੋਕ ਲਿਖ ਕੇ ਭੇਜੇ। {ਪੁਨ ਮਾਤਾ ਪ੍ਰਤਿ ਲਿਖਯੋ ਸਲੋਕ। ਸੁਨਿ ਕਰਿ ਲੇਹੁ ਸ਼ੋਕ ਕੋ ਰੋਕ। ਜਗ ਮਹਿ ਨਹਿ ਥਿਰਤਾ ਕਿਸ ਕੇਰੀ। ਬਿਨਸਿ ਗਏ ਜਿਨ ਸ਼ਕਤਿ ਬਡੇਰੀ। (ਗੁ.ਪ੍ਰ. ਸੂਰਜ ਪ੍ਰਕਾਸ਼ ਰਾਸਿ ੧੨ ਅੰਸੂ ੬੨)} ਸਲੋਕ ਦਾ ਮੁਖ ਭਾਵ ਹੈ, ਸੰਸਾਰ ਵਿਚ ਕੋਈ ਵੀ ਸਦਾ ਟਿਕ ਕੇ ਰਹਿਣ ਵਾਲੀ ਚੀਜ ਨਹੀ ਹੈ। ਸੰਸਾਰ ਵਿਚ ਜੋ ਵੀ ਪੈਦਾ ਹੁੰਦਾ ਹੈ, ਚਾਹੇ ਕੋਈ ਅਵਤਾਰ ਹੈ, ਦੇਵਤਾ ਹੈ, ਰਾਜਾ ਹੈ, ਸਭ ਅਪਣੀ ਉਮਰ ਭੋਗ ਕੇ ਚਲੇ ਜਾਂਦੇ ਹਨ। ਕਾਲ ਇਕ ਦਿਨ ਸਭ ਤੇ ਆਉਂਦਾ ਹੈ {ਜਿਤੇ ਰਾਮ ਹੁਏ। ਸਭੈ ਅੰਤ ਮੁਏ। ਜਿਤੇ ਕਿਸਨ ਹੁਇ ਹੈ। ਸਭੈ ਅੰਤ ਜੈ ਹੈ (ਬਚਿਤ੍ਰ ਨਾਟਕ)}। 'ਰਾਮੁ ਗਇਓ ਰਾਵਨੁ ਗਇਓ' ਦੇ ਹੋਰ ਅਰਥ ਵੀ ਟਕਸਾਲ ਅਤੇ ਸੰ. ਸ. ਨੇ ਕੀਤੇ ਹਨ (੧) ਜਿਸ ਵੇਲੇ ਰਾਮ ਚੰਦ੍ਰ ਜੀ ਸਮੁੰਦਰ ਪਾਰ ਕਰਕੇ ਲੰਕਾ ਨੂੰ ਗਏ ਤਾਂ ਸਭ ਨੇ ਮੰਨ ਲਿਆ ਕਿ ਸਮਝੋ ਹੁਣ ਰਾਵਣ ਗਿਆ, ਜਿਸ ਦਾ ਵੱਡਾ ਪ੍ਰਵਾਰ ਹੈ। (੨) ਰਾਵਣ ਪਹਿਲਾਂ ਲੜਾਈ ਕਰਨ ਦੇ ਬਹਾਨੇ ਕਿਸੇ ਨਾ ਕਿਸੇ ਤਰ੍ਹਾਂ ਰਾਮ ਚੰਦਰ ਨੂੰ ਯਾਦ ਕਰਦਾ ਰਹਿੰਦਾ ਸੀ। ਪਰ ਜਦ ਰਾਵਣ ਰਾਮ ਨੂੰ ਭੁੱਲ ਗਿਆ ਤਾਂ ਰਾਵਣ ਮਰ ਗਿਆ। (੩) ਜਿਸ ਵੇਲੇ ਮਨੁੱਖ ਦੇ ਮਨ ਵਿਚ ਪ੍ਰਭੂ ਦਾ ਨਾਮ ਆ ਗਿਆ ਤਾਂ ਸਮਝੋ ਮਨ ਵਿਚੋਂ ਹੰਕਾਰ ਰੂਪ ਰਾਵਣ ਚਲਾ ਗਿਆ, ਜਿਸ ਦਾ ਆਸਾ ਤ੍ਰਿਸ਼ਨਾ ਆਦਿਕ ਆਸੁਰੀ ਸੰਪਦਾ ਦਾ ਬਹੁਤ ਵੱਡਾ ਪ੍ਰਵਾਰ ਹੈ। ਜਿਸ ਵੇਲੇ ਮਨੁੱਖ ਦੇ ਹਿਰਦੇ ਵਿਚੋਂ ਪ੍ਰਭੂ ਦੂਰ ਹੋ ਗਿਆ ਤਾਂ ਸਮਝੋ ਮਨੁੱਖ ਆਤਮਕ ਮੌਤੇ ਮਰ ਗਿਆ, ਜਿਸ ਦਾ ਖੋਟੀ ਸੰਗਤ ਰੂਪ ਵੱਡਾ ਪ੍ਰਵਾਰ ਹੈ (ਮੇਰਾ ਵਿਚਾਰ), ਪਰ ਇਹ ਅਰਥ ਖਿਚਵੇਂ ਹਨ।

ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ ॥ ਇਹੁ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀ ਕੋਇ ॥੫੧॥ ਚਿੰਤਾ ਤਾਂ ਉਸ ਬਾਤ ਦੀ ਕਰਨੀ ਚਾਹੀਦੀ ਹੈ, ਜੋ ਨਾ ਹੋਣ ਵਾਲੀ ਹੋਵੇ (ਕਦੇ ਨਾ ਹੋਈ ਹੋਵੇ ਤੇ ਹੁਣ ਹੋ ਜਾਵੇ ਭਾਵ ਮੌਤ ਤਾਂ ਇਕ ਦਿਨ ਆਉਣੀ ਹੀ ਹੈ, ਇਹ ਕੋਈ ਅਸਚਰਜ ਗੱਲ ਨਹੀ। ਇਸ ਦੀ ਚਿੰਤਾ ਕਿਉਂ ਕੀਤੀ ਜਾਵੇ?)। {ਮਰਣੈ ਕੀ ਚਿੰਤਾ ਨਹੀ, ਜੀਵਣ ਕੀ ਨਹੀ ਆਸ ੨੦}। ਨਾਨਕ ਗੁਰੂ ਜੀ ਕਹਿੰਦੇ ਹਨ (ਕਿ ਆਉਣ ਜਾਣ ਦਾ) ਇਹ ਰਸਤਾ ਸੰਸਾਰ ਲਈ (ਬਣਿਆ ਹੋਇਆ) ਹੈ, (ਸੰਸਾਰ ਵਿਚ) ਕੋਈ ਸਦਾ ਨਹੀ ਠਹਿਰ ਸਕਦਾ। ੫੧।

ਪਦਾਰਥ = ਤਾ ਕੀ–ਉਸ (ਗੱਲ) ਦੀ। ਕੀਜੀਐ–ਕਰਨੀ ਚਾਹੀਦੀ ਹੈ। ਅਨਹੋਨੀ–ਨਾ ਹੋਣ ਵਾਲੀ; ਅਸੰਭਵ; ਅਸਚਰਜ। ਮਾਰਗੁ–ਰਸਤਾ (ਆਉਣ ਜਾਣ ਦਾ)। ਕੋ–ਲਈ; ਦਾ। ਥਿਰੁ–ਪੱਕਾ ਟਿਕਾਣਾ। ੫੧।

ਜੋ ਉਪਜਿਓ ਸੋ ਬਿਨਸਿ ਹੈ, ਪਰੋ ਆਜੁ ਕੈ ਕਾਲਿ ॥ ਨਾਨਕ ਹਰਿ ਗੁਨ ਗਾਇ ਲੇ, ਛਾਡਿ ਸਗਲ ਜੰਜਾਲ ॥੫੨॥ (ਹੇ ਭਾਈ! ਸੰਸਾਰ ਵਿਚ) ਜਿਹੜਾ ਵੀ ਜੀਵ ਪੈਦਾ ਹੋਇਆ ਹੈ, (ਉਮਰ ਭੋਗ ਕੇ) ਉਹ ਜਰੂਰ ਨਾਸ਼ ਹੋ ਜਾਂਦਾ ਹੈ, (ਸੰਸਾਰ ਵਿਚੋਂ ਹਰ ਕਿਸੇ ਨੇ) ਅੱਜ ਜਾਂ ਕਿਸੇ ਨੇ ਕਲ੍ਹ ਨੂੰ ਅਤੇ ਕਿਸੇ ਨੇ ਪਰਸੋਂ ਨੂੰ (ਕੂਚ ਕਰ ਜਾਣਾ ਹੈ); ਅੱਜ ਜਾਂ ਕਲ੍ਹ ਵਿਚ ਪਿਆ ਹੋਇਆ ਹੈ ਭਾਵ ਅਜ ਕਲ੍ਹ ਕਰਕੇ ਉਮਰ ਬੀਤਦੀ ਜਾ ਰਹੀ ਹੈ (ਮੇਰਾ ਖਿਆਲ)। ਨੌਵੇਂ ਗੁਰੂ ਨਾਨਕ (ਤੇਗ ਬਹਾਦਰ) ਸਾਹਿਬ ਜੀ ਸਾਨੂੰ ਉਪਦੇਸ਼ ਦੇਂਦੇ ਹਨ,

(ਤੁਸੀਂ ਸੰਸਾਰ ਦੇ) ਸਾਰੇ ਜੰਜਾਲਾਂ ਨੂੰ ਛਡ ਕੇ ਹਰੀ ਦੇ ਗੁਣ ਗਾ ਲਵੋ (ਜੋ ਪ੍ਰਲੋਕ ਵਿਚ ਕੰਮ ਆਉਣ)।੫੨।

ਪਦਾਰਥ = ਜੋ-ਜਿਹੜਾ।ਉਪਜਿਓ-ਪੈਦਾ ਹੋਇਆ।ਸੋ-ਉਹ।ਬਿਨਸਿ ਹੈ-ਨਾਸ਼ ਹੋ ਜਾਂਦਾ ਹੈ।ਪਰੋ-ਪਰਸੋਂ (ਸ਼. ਸ.; ਫ. ਸ.; ਮ. ਕੋ.); ਪਿਆ ਹੈ।ਕੈ-ਜਾਂ।ਕਾਲਿ-ਕਲ੍ਹ।ਸਗਲ-ਸਾਰੇ।ਜੰਜਾਲ-ਮਾਇਆ ਦੇ ਮੋਹ ਦੀਆਂ ਫਾਹੀਆਂ; ਝੰਝਟ; ਧੰਦੇ।੫੨।

ਵਿਆਖਿਆ = ਵਾਸਤਵ ਵਿਚ ਗੁਰਬਾਣੀ ਸਮੂਹ ਮਾਨਵ ਜਾਤੀ ਵਾਸਤੇ ਸਿਖਿਆ ਹੈ।ਗੁਰੂ ਸਾਹਿਬਾਨਾਂ ਦੇ ਪ੍ਰਵਾਰਾਂ ਦੇ ਜਿਹੜੇ ਮੈਂਬਰ ਗੁਰੂ ਜੀ ਦੀ ਆਗਿਆ ਵਿਚ ਚਲਦੇ ਸਨ, ਉਨ੍ਹਾਂ ਦੀ ਆਤਮਕ ਅਵਸਥਾ ਬਹੁਤ ਉਚੀ ਸੀ।ਗੁਰੂ ਤੇਗ ਬਹਾਦਰ ਜੀ ਦੇ ਕੈਦ ਹੋਣ ਤੇ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਨੂੰ ਕੁਝ ਚਿੰਤਾ ਹੋਣੀ ਸੁਭਾਵਕ ਹੈ।ਪਰਵਾਰ ਦੇ ਮੈਂਬਰਾਂ ਨੂੰ ਉਪਦੇਸ ਦੇਣਾ ਜਾਂ ਉਨ੍ਹਾਂ ਰਾਹੀਂ ਸੰਸਾਰ ਦੇ ਲੋਕਾਂ ਨੂੰ ਉਪਦੇਸ਼ ਦੇਣਾ ਗੁਰੂ ਸਾਹਿਬ ਦਾ ਅਪਣਾ ਉਦੇਸ਼ ਹੋ ਸਕਦਾ ਹੈ।ਸੂਰਜ ਪ੍ਰਕਾਸ਼ ਵਿਚ ਇਹ ੫੨ ਵਾਂ ਸਲੋਕ ਮਾਤਾ ਗੁਜਰੀ ਜੀ ਨੂੰ ਉਪਦੇਸ਼ ਦੇਂਦੇ ਹੋਏ ਉਚਾਰਣ ਕੀਤਾ ਦਸਿਆ ਗਿਆ ਹੈ {ਦੋਨਹੁ ਪ੍ਰਤਿ ਸਲੋਕ ਲਿਖਿ ਤੀਨ।ਕਰਹੁ ਨ ਦੁਖ ਸਿਖਿਆ ਅਸ ਦੀਨਿ (ਗੁ. ਪ੍ਰ. ਸੂਰਜ ਪ੍ਰਕਾਸ ਰਾਸਿ ੧੨ ਅੰਸੂ ੬੨)}।ਗੁਰੂ ਜੀ ਨੇ ਅਪਣੇ ਪ੍ਰਵਾਰ ਦੇ ਨਾਲ ਨਾਲ ਫਿਕਰਮੰਦ ਗੁਰ ਸਿੱਖਾਂ ਨੂੰ ਵੀ ਉਪਦੇਸ਼ ਦਿਤਾ ਕਿ ਇਸ ਸੰਸਾਰ ਵਿਚ ਸਭ ਕਿਸੇ ਨੇ ਚਲੇ ਜਾਣਾ ਹੈ {ਮਰਣੁ ਲਿਖਾਇ ਮੰਡਲ ਮਹਿ ਆਏ ੬੮੬}।੫੨।

ਦੋਹਰਾ ॥ ਬਲੁ ਛੁਟਕਿਓ ਬੰਧਨ ਪਰੇ, ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ, ਗਜ ਜਿਉ ਹੋਹੁ ਸਹਾਇ ॥੫੩॥

(ਵਾਹਿਗੁਰੂ ਤੋਂ ਵਿਛੜੇ ਲੋਕਾਂ ਦਾ ਆਤਮਕ) ਬਲ ਖਤਮ ਹੋ ਗਿਆ ਹੈ, (ਕਾਮ ਆਦਿਕ ਜਾਂ ਮਾਇਆ ਦੇ) ਬੰਧਨ ਆ ਪਏ ਹਨ (ਅਤੇ ਇਨ੍ਹਾਂ ਬੰਧਨਾਂ ਤੋਂ ਅਜਾਦ ਹੋਣ ਲਈ ਲੋਕਾਂ ਤੋਂ) ਕੁਛ ਜਤਨ ਵੀ ਨਹੀ ਹੋ ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਹਰੀ! ਹੁਣ (ਇਨ੍ਹਾਂ ਨਿਆਸਰੇ ਲੋਕਾਂ ਨੂੰ ਇਕ) ਤੇਰੀ ਹੀ ਓਟ ਹੈ, ਜਿਵੇਂ (ਤੰਦੂਏ ਤੋਂ) ਹਾਥੀ ਦੀ ਸਹਾਇਤਾ ਕੀਤੀ ਸੀ, ਉਸੇ ਤਰ੍ਹਾਂ ਇਨ੍ਹਾਂ ਲੋਕਾਂ ਦੇ) ਸਹਾਈ ਹੋਵੋ।੫੩।

ਨਾਹਿਨ ਗੁਨੁ ਨਾਹਿਨ ਕਛੁ ਬਿਦਿਆ, ਧਰਮੁ ਕਉਨੁ ਗਜਿ ਕੀਨਾ।ਨਾਨਕ ਬਿਰਦੁ ਰਾਮ ਕਾ ਦੇਖਹੁ ,ਅਭੈ ਦਾਨੁ ਤਿਹ ਦੀਨਾ।(੯੦੨)

ਪਦਾਰਥ = ਬਲ-ਤਾਕਤ।ਛੁਟਕਿਓ-ਮਿਟ (ਮੁੱਕ) ਗਿਆ।ਬੰਧਨ ਪਰੇ-(ਲੋਕਾਂ ਤੇ ਮਾਨਸਕ, ਰਾਜਨੀਤਕ, ਸਮਾਜਿਕ) ਬੰਧਨ ਪੈ ਗਏ ਹਨ।ਨ ਹੋਤ-ਨਹੀ ਹੋ ਰਿਹਾ।ਉਪਾਇ-ਜਤਨ।ਅਬ-ਹੁਣ।ਓਟ-ਸਹਾਰਾ।ਗਜ-ਹਾਥੀ।ਹੋਹੁ ਸਹਾਇ-ਸਹਾਈ ਹੋਵੋ (ਰੱਖਿਆ ਕਰੋ)।੫੩।

ਵਿਆਖਿਆ = ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਦੋਹਰਾ ਦਿਲੀ ਵਿਚ ਕੈਦ ਸਮੇਂ ਅਪਣੇ ਪੁਤ੍ਰ ਗੋਬਿੰਦ ਰਾਇ ਜੀ ਨੂੰ ਪਰਖਣ ਲਈ ਇਕ ਸਿੱਖ ਕੋਲ ਲਿਖ ਕੇ ਅਨੰਦ ਪੁਰ ਸਾਹਿਬ ਵਿਖੇ ਭੇਜਿਆ ਅਤੇ ਇਸਦਾ ਤੁਰੰਤ ਜੁਆਬ ਲਿਆਉਣ ਲਈ ਵੀ ਹੁਕਮ ਕੀਤਾ {ਪੁਨ ਅਪਨੇ ਸੁਤ ਕੋ ਪਤੀਆਵਨ।ਹਿਤ ਪਰਖਨ ਕੇ ਕਿਮ ਧਰ ਭਾਵਨ (ਗੁ. ਪ੍ਰ. ਸੂ. ਪ੍ਰਕਾਸ਼ ਰਾਸਿ ੧੨ ਅੰਸੂ ੬੨)}।ਅਗਲਾ ਦੋਹਰਾ ਗੁਰੂ ਗੋਬਿੰਦ ਰਾਇ ਜੀ ਦਾ ਜੁਆਬ ਲਿਖਿਆ ਗੁਰੂ ਜੀ ਕੋਲ ਦਿਲੀ ਕੈਦ ਵਿਚ ਪੁਜਾ।ਜੇਲ੍ਹ ਦਾ ਦਰੋਗਾ ਖ੍ਵਾਜਾ ਅਬਦੁਲਾ ਅਤੇ ਉਸ ਦਾ ਮਤਾਹਿਤ ਮੈਮੂੰ ਖਾਨ ਉਤੇ ਗੁਰੂ ਜੀ ਦੀ ਸ਼ਖਸ਼ੀਅਤ ਦਾ ਬਹੁਤ ਅਸਰ ਪਿਆ।ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ।ਗੁਰੂ ਜੀ ਦੀ ਅਨੰਦ ਪੁਰ ਸਾਹਿਬ ਗੁਰੂ ਗੋਬਿੰਦ ਰਾਇ ਜੀ ਨਾਲ ਚਿੱਠੀ ਪੱਤਰ ਰਾਹੀਂ ਗਲ ਬਾਤ ਇਸ ਦਰੋਗੇ ਕਰਕੇ ਹੀ ਹੁੰਦੀ ਰਹੀ, ਸ਼ਰਧਾਲੂ ਗੁਰਸਿੱਖ ਹਰ ਰੋਜ ਚਿਠੀਆਂ ਲਿਆਉਂਦੇ ਤੇ ਲੈ ਜਾਂਦੇ ਸਨ।

ਵਿਦਵਾਨਾਂ ਨੇ ਇਸ ਦੋਹਰੇ ਦੇ ਅਰਥ ਇਉਂ ਵੀ ਕੀਤੇ ਹਨ = ਕਸ਼ਮੀਰੀ ਪੰਡਤਾਂ ਨੇ ਹਿੰਦੂ ਧਰਮ ਦੀ ਰੱਖਿਆ ਵਾਸਤੇ ਜੋ ਅਰਦਾਸ ਕੀਤੀ, ਉਸ ਨੂੰ ਗੁਰੂ ਜੀ ਇਸ ਦੋਹਰੇ ਰਾਹੀਂ ਵਰਨਣ ਕਰਦੇ ਹਨ ੩- ਹੇ ਗੁਰੂ ਜੀ! ਹਿੰਦੂਆਂ ਦੀ ਰੱਖਿਆ ਕਰਨ ਦਾ) ਸਾਡਾ ਬਲ ਖਤਮ ਹੋ ਗਿਆ ਹੈ, (ਮੰਦਰ ਢਾਹੇ ਜਾ ਰਹੇ ਹਨ, ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾ ਰਿਹਾ ਹੈ, ਸਾਡੇ ਤੇ ਇਹ) ਬੰਧਨ ਪੈ ਗਏ ਹਨ, (ਇਹਨਾਂ ਬੰਧਨਾਂ ਤੋਂ ਮੁਕਤ ਹੋਣ ਦਾ ਸਾਥੋਂ) ਕੁਛ ਵੀ ਉਪਾਓ ਨਹੀਂ ਹੋ ਰਿਹਾ ਹੈ (ਕਿਉਂ ਕਿ ਜਿਨ੍ਹਾਂ ਰਾਜਪੂਤ ਰਾਜਿਆਂ ਨੇ ਹਿੰਦੂ ਧਰਮ ਬਚਾਉਣਾ ਸੀ, ਉਹ ਆਪ ਮੁਗਲਾਂ ਦੇ ਅਧੀਨ ਹੋ ਗਏ ਤੇ ਐਸ਼ ਪ੍ਰਸਤੀ ਦਾ ਜੀਵਨ ਗੁਜਾਰਨ ਲੱਗੇ ਹਨ, ਕੋਈ ਫੌਜੀ ਤਰੱਕੀ ਵੱਲ ਧਿਆਨ ਨਹੀ ਦਿਤਾ) {ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ ੪੧੭}।ਅਗਲੀ ਤੁਕ ਵਿਚ ਗੁਰੂ ਜੀ ਅਰਦਾਸ ਕਰਦੇ ਹਨ, ਹੇ ਅਕਾਲ ਪੁਰਖ! ਹੁਣ (ਇਨ੍ਹਾਂ ਬੇ ਸਹਾਰਾ ਹਿੰਦੂਆਂ ਨੂੰ ਇਕ) ਤੇਰਾ ਹੀ ਆਸਰਾ ਹੈ, ਜਿਵੇਂ ਹਾਥੀ (ਦੀ ਤੰਦੂਏ ਤੋਂ ਰੱਖਿਆ ਕੀਤੀ ਸੀ, ਉਸੇ ਤਰ੍ਹਾਂ) ਇਨ੍ਹਾਂ ਦੇ ਸਹਾਈ ਹੋਵੋ।ਜੇ ਅਧਿਆਤਮਕ ਪੱਖੋਂ ਦੇਖੀਏ ਤਾਂ ਇਸ ਸਲੋਕ ਵਿਚ ਮਨ ਦੀ ਉਸ ਅਵਸਥਾ ਦਾ ਵਰਨਣ ਹੈ, ਜਦੋਂ ਮਨ ਬੈਰਾਗ ਵਿਚ ਆ ਕੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹੈ ਕਿ ਮਾਇਆ ਤੇ ਵਿਸ਼ਿਆਂ ਵਿਰੁੱਧ ਲੜਨ ਦਾ ਮੇਰਾ ਸਾਰਾ ਬਲ ਮੁੱਕ ਗਿਆ ਹੈ।ਮਾਇਆਂ ਦੇ ਬੰਧਨ ਆ ਪਏ ਹਨ ਤੇ ਇਨ੍ਹਾਂ ਬੰਧਨਾਂ ਤੋਂ ਛੁੱਟਣ ਲਈ ਮੈਥੋਂ ਕੋਈ ਉਪਾਓ ਨਹੀ ਹੋ ਰਿਹਾ ਹੈ।ਹੇ ਵਾਹਿਗੁਰੂ! ਤੰਦੂਏ ਤੋਂ ਹਾਥੀ ਦੀ ਰੱਖਿਆਂ ਕਰਨ ਵਾਂਗ ਮੇਰੇ ਵੀ ਮੱਦਦਗਾਰ ਬਣੋ, ਮੈਨੂੰ ਹੁਣ ਤੇਰੀ ਹੀ ਓਟ ਹੈ।ਇਹ ਦਸ਼ਾ ਗੁਰੂ ਦੀ ਮਹਾਨ ਕਿਰਪਾ ਦੁਆਰਾ ਹੀ ਮਿਲਦੀ ਹੈ, ਜਦੋਂ ਮਨੁੱਖ ਨੂੰ ਵਿਸ਼ੇ ਵਿਕਾਰ ਅਤੇ ਮਾਇਆ ਬੰਧਨ ਰੂਪ ਪ੍ਰਤੀਤ ਹੋਣ ਲਗ ਜਾਂਦੇ

ਹਨ। ਨਿਰਬਲ ਹੋਇਆ ਮਨੁੱਖ ਇਨ੍ਹਾਂ ਬੰਧਨਾਂ ਤੋਂ ਅਜਾਦ ਹੋਣਾ ਚਾਹੁੰਦਾ ਹੈ ਤੇ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਮੇਰੇ ਕੋਲੋਂ ਕੋਈ ਜਤਨ ਨਹੀਂ ਹੋ ਰਿਹਾ, ਮੈਂ ਤਾਂ ਕਮਜੋਰ ਹਾਂ। ਮੈਨੂੰ ਬਲ ਬਖਸ਼ ਤਾਂ ਕਿ ਤੇਰੀ ਮੱਦਦ ਨਾਲ ਬੰਧਨਾਂ ਤੋਂ ਅਜਾਦ ਹੋ ਸਕਾਂ। ਮਾਇਆ ਵਿਸ਼ੇ ਵਿਕਾਰਾਂ ਦੇ ਬੰਧਨ ਦੁਖਦਾਈ ਹਨ ਅਤੇ ਇਨ੍ਹਾਂ ਤੋਂ ਅਜਾਦ ਹੋਣਾ ਹੀ ਅਨੰਦ ਹੈ।੫੩।

ਬਲੁ ਹੋਆ ਬੰਧਨ ਛੁਟੇ, ਸਭੁ ਕਿਛੁ ਹੋਤੁ ਉਪਾਇ ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ, ਤੁਮ ਹੀ ਹੋਤ ਸਹਾਇ ॥੫੪॥ (ਉਸ ਮਨੁੱਖ ਨੂੰ ਆਤਮਕ) ਬਲ ਪ੍ਰਾਪਤ ਹੋਇਆ ਹੈ (ਜਿਹੜਾ ਗੁਰੂ ਦੀ ਸ਼ਰਣ ਵਿਚ ਆ ਗਿਆ ਹੈ, ਉਸ ਦੇ ਵਿਸ਼ੇ ਵਿਕਾਰ, ਮਾਇਆ ਜਾਂ ਹਉਮੈ ਦੇ ਸਾਰੇ) ਬੰਧਨ ਟੁੱਟ ਗਏ ਹਨ, (ਕਿਉਂਕਿ ਗੁਰੂ ਦੀ ਮੱਦਤ ਨਾਲ ਹੀ) ਸਾਰੇ ਉਪਾਓ ਸਫਲ ਹੋ ਜਾਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ, ਹੇ ਪ੍ਰਭੂ ! ਸਭ ਕੁਝ ਤੇਰੇ ਹੱਥ ਵਿਚ ਹੈ (ਸਭ ਕੁਝ ਤੇਰੇ ਹੁਕਮ ਵਿਚ ਹੁੰਦਾ ਹੈ) ਅਤੇ ਤੂੰ ਹੀ (ਔਖੇ ਸਮੇਂ ਗੁਰਮੁਖਾਂ ਦਾ) ਸਹਾਈ ਹੁੰਦਾ ਹੈਂ। (ਇਸ ਸਲੋਕ ਨਾਲ ਭਾ. ਮਨੀ ਸਿੰਘ, ਬਾਬਾ ਦੀਪ ਸਿੰਘ, ਤਖਤ ਪਟਨਾ ਸਾਹਿਬ ਵਾਲੀ ਅਤੇ ਪੁਰਾਤਨ ਬਹੁਤੀਆਂ ਹੱਥ ਲਿਖਤ ਬੀੜਾਂ ਵਿਚ ਮਹਲਾ ੧੦ ਲਿਖਿਆ ਹੋਇਆ ਹੈ, ਪਰ ਪ੍ਰਚਲਤ ਸਭ ਬੀੜਾਂ ਵਿਚ ਮਹਲਾ ੧੦ ਨਹੀ ਲਿਖਿਆ ਹੋਇਆ)।੫੪।

ਪਦਾਰਥ = ਬਲੁ–ਤਾਕਤ। ਛੁਟੇ–ਟੁੱਟ ਗਏ। ਹੋਤੁ ਉਪਾਇ–ਜਤਨ ਸਫਲ ਹੋ ਜਾਂਦੇ ਹਨ। ਹਾਥ ਮੈ–ਹੱਥ ਵਿਚ; ਵਸ ਵਿਚ। ਹੋਤੁ–ਹੁੰਦਾ ਹੈ। ਸਹਾਇ–ਸਹਾਈ (ਮਦਦਗਾਰ)।੫੪।

ਵਿਆਖਿਆ = ਇਹ ਸਲੋਕ ਗੁਰੂ ਗੋਬਿੰਦ ਰਾਇ ਜੀ ਵੱਲੋਂ ੫੩ ਵੇਂ ਸਲੋਕ ਦੇ ਉਤਰ ਵਿਚ ਲਿਖਿਆ ਦਸਿਆ ਜਾਂਦਾ ਹੈ। ਇਸ ਸਲੋਕ ਦੇ ਅਰਥ ਇਉਂ ਵੀ ਕੀਤੇ ਜਾਂਦੇ ਹਨ ੩– ਹੇ ਗੁਰੂ (ਤੇਗ ਬਹਾਦਰ ਸਾਹਿਬ) ਜੀ ! ਆਪ ਵਿਚ (ਹਿੰਦੂ ਧਰਮ ਦੀ ਰੱਖਿਆ ਕਰਨ ਲਈ ਕੁਰਬਾਨੀ ਦੇਣ ਦਾ) ਬਲ ਪ੍ਰਾਪਤ ਹੋਇਆ ਹੈ; ਸਾਰਾ ਬਲ ਆਪ ਤੋਂ ਹੀ ਪੈਦਾ ਹੋਇਆ ਹੈ, (ਆਪ ਦੀ ਸ਼ਹੀਦੀ ਨਾਲ ਔਰੰਗਜੇਬ ਦੇ ਪਾਏ ਹੋਏ ਸ਼ਰ੍ਹਾ ਦੇ) ਬੰਧਨ ਟੁੱਟ ਜਾਣਗੇ (ਅਤੇ ਹਿੰਦੂ ਧਰਮ ਦੀ ਰਖਿਆ ਦਾ) ਉਪਾਓ ਵੀ ਆਪ ਜੀ ਤੋਂ ਹੀ ਹੋ ਸਕਦਾ ਹੈ। (ਦਸਵੇਂ ਗੁਰੂ) ਨਾਨਕ ਦੇਵ ਜੀ ਆਖਦੇ ਹਨ ਕਿ ਹੇ ਗੁਰੂ (ਤੇਗ ਬਹਾਦਰ ਸਾਹਿਬ) ਜੀ ! ਸਭ ਕੁਛ ਤੁਹਾਡੇ ਵਸ ਵਿਚ ਹੈ, (ਸ਼ਰਣ ਵਿਚ ਆਇਆਂ ਦੀ) ਤੁਸੀਂ ਹੀ ਸਹਾਇਤਾ ਕਰਨ ਵਾਲੇ ਹੋ। ਮੇਰਾ ਖਿਆਲ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖ ਰਾਹੀਂ ਚਿੱਠੀ ਭੇਜ ਕੇ ਗੁਰੂ ਗੋਬਿੰਦ ਰਾਇ ਜੀ ਦੀ ਪਰਖ ਤਾਂ ਕੀਤੀ ਹੀ ਹੋਵੇਗੀ, ਪਰ ਜੋ ਪ੍ਰਸ਼ਨ ਉਤਰ ਹੋਏ, ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਜੀ ਨੇ ਆਪ ਹੀ ਦੋਹਰਿਆਂ ਵਿਚ ਕਲਮ ਬੰਦ ਕੀਤਾ ਹੋਵੇਗਾ। ਜਿਵੇਂ ਸਿੱਧ ਗੋਸਟ ਦੀ ਬਾਣੀ ਵਿਚ ਸਿੱਧਾਂ ਨਾਲ ਹੋਏ ਪ੍ਰਸ਼ਨ ਉਤਰਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਲਿਖਿਆ ਹੈ। ਜੇ ੫੪ ਵਾਂ ਦੋਹਰਾ ੧੦ ਵੇਂ ਗੁਰੂ ਜੀ ਦਾ ਹੁੰਦਾ ਤਾਂ ਵਖਰਾ ਅੰਕ ਲਗਿਆ ਹੋਣਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਐਸੇ ਸ਼ਬਦ ਹਨ, ਜੋ ਗੁਰੂ ਸਾਹਿਬਾਨਾਂ ਨੇ ਪ੍ਰਸ਼ਨ ਉਤਰਾਂ ਵਿਚ ਲਿਖੇ ਹਨ। ਵਿਸਥਾਰ ਵਿਚ ਜਾਣ ਤੋਂ ਸੰਕੋਚ ਕਰਦਾ ਹਾਂ, ਪਾਠਕ ਜਾਣ ਲੈਣਗੇ। ਮੈਨੂੰ ਲਗਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ੫੭ ਸਲੋਕ ਔਰੰਗਜੇਬ ਦੀ ਕੈਦ ਵਿਚ ਉਚਾਰ ਕੇ ਸਿੱਖ ਰਾਹੀਂ ਅਨੰਦ ਪੁਰ ਸਾਹਿਬ ਨੂੰ ਭੇਜ ਦਿਤੇ ਹੋਣਗੇ। ਅਮਲੀ ਤੌਰ ਤੇ ਸਾਹਿਬਜਾਦਾ ਗੋਬਿੰਦ ਰਾਇ ਨੂੰ ਗੁਰਿਆਈ ਪਹਿਲਾਂ ਹੀ ਸੌਂਪ ਆਏ ਸਨ, ਪਰ ਰਸਮ ਪੂਰੀ ਕਰਨ ਵਾਸਤੇ ਹਜੂਰ ਨੇ ਦਿੱਲੀ ਤੋਂ ਨਰੇਲ ਅਤੇ ੫ ਪੈਸੇ ਸਿੱਖਾਂ ਰਾਹੀਂ ਅਨੰਦ ਪੁਰ ਸਾਹਿਬ ਨੂੰ ਭੇਜ ਦਿਤੇ ਅਤੇ ਸਿੱਖ ਸੰਗਤ ਨੂੰ ਹੁਕਮ ਕੀਤਾ ਕਿ ਅੱਜ ਤੋਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਗੁਰੂ ਗੋਬਿੰਦ ਰਾਇ ਜੀ ਹਨ। ਬਾਦ ਵਿਚ ਆਪ ਸ਼ਹੀਦ ਹੋ ਗਏ।੫੪।

ਸੰਗ ਸਖਾ ਸਭਿ ਤਜਿ ਗਏ, ਕੋਊ ਨ ਨਿਬਹਿਓ ਸਾਥਿ ॥ ਕਹੁ ਨਾਨਕ ਇਹ ਬਿਪਤਿ ਮੈ, ਟੇਕ ਏਕ ਰਘੁਨਾਥ ॥੫੫॥ (ਜਦ ਮਨੁੱਖ ਤੇ ਅੰਤ ਸਮਾਂ ਆਉਂਦਾ ਹੈ ਤਾਂ) ਨਾਲ ਰਹਿਣ ਵਾਲੇ ਸਾਰੇ ਸੰਗੀ ਸਾਥੀ ਛਡ ਕੇ ਚਲੇ ਜਾਂਦੇ ਹਨ, ਕੋਈ ਵੀ ਸਾਥ ਨਹੀ ਨਿਭਦਾ (ਕੋਈ ਵੀ ਮਿਤ੍ਰ ਪ੍ਰਲੋਕ ਨੂੰ ਮਨੁੱਖ ਦੇ ਨਾਲ ਨਹੀ ਜਾਂਦਾ, ਸਿਖਿਆ ਦਿਤੀ ਹੈ ਕਿ ਵਾਹਿਗੁਰੂ ਨੂੰ ਮਿਤ੍ਰ ਬਣਾਓ ਜੋ ਸਦਾ ਸਾਥ ਨਿਭਦਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਇਸ ਮੁਸੀਬਤ ਵਿਚ ਇਕ ਵਾਹਿਗੁਰੂ ਦਾ ਹੀ ਆਸਰਾ (ਨਾਲ ਨਿਭਦਾ) ਹੈ।੫੫।

ਪਦਾਰਥ = ਸੰਗ ਸਖਾ–ਨਾਲ ਰਹਿਣ ਵਾਲੇ ਮਿਤ੍ਰ। ਤਜਿ ਗਏ–ਛਡ ਕੇ ਚਲੇ ਗਏ ਹਨ। ਕੋਊ–ਕੋਈ ਵੀ। ਨ ਨਿਬਹਿਓ–ਨਹੀ ਨਿਭਿਆ। ਸਾਥਿ–ਨਾਲ। ਬਿਪਤਿ ਮੈ–ਮੁਸੀਬਤ ਵਿਚ। ਟੇਕ–ਆਸਰਾ। ਏਕ ਰਘੁਨਾਥ–ਇਕ ਵਾਹਿਗੁਰੂ ਦਾ।੫੫।

ਵਿਆਖਿਆ = ਗੁਰੂ ਤੇਗ ਬਹਾਦਰ ਸਾਹਿਬ ਆਖਦੇ ਹਨ ਕਿ ਗਰੀਬ ਹਿੰਦੂ ਲੋਕ ਔਰੰਗਜੇਬ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਹਨ, ਹਿੰਦੂ ਧਰਮ ਦੇ ਜਿਤਨੇ ਆਗੂ (ਗੁਰੂ ਅਤੇ ਦੇਵੀ ਦੇਵਤੇ ਕਿਸੇ) ਨੇ ਇਸ ਬਿਪਤਾ ਦੇ ਸਮੇਂ ਵਿਚ ਲੋਕਾਂ ਦਾ ਸਾਥ ਨਹੀਂ ਦਿਤਾ। ਕਿਉਂ ਕਿ ਔਖੇ ਵੇਲੇ ਲੋਕਾਂ ਦੀ ਰੱਖਿਆ ਕਰਨ ਦਾ ਧਰਮ ਰਾਜਿਆਂ, ਧਾਰਮਕ ਆਗੂਆਂ ਅਤੇ ਸਾਧੂਆਂ ਸੰਤਾਂ ਦਾ ਹੁੰਦਾ ਹੈ। ਰਾਜੇ ਮੁਗਲਾਂ ਨੇ ਆਪਣੇ ਅਧੀਨ ਕਰ ਲਏ ਸਨ, ਧਾਰਮਕ ਆਗੂਆਂ ਤੇ ਸਾਧੂਆਂ ਸੰਤਾਂ ਦੀ ਕਿਸੇ ਦੀ ਔਰੰਗਜੇਬ ਦੇ ਜ਼ੁਲਮਾਂ ਦਾ ਟਾਕਰਾ ਕਰਨ ਦੀ ਹਿੰਮਤ ਨਹੀਂ ਸੀ। ਸਾਰੇ ਡਰ ਗਏ ਸਨ, ਲੋਕਾਂ ਦਾ ਸਾਰੇ ਸਾਥ ਛਡ ਗਏ। ਇਸ ਕਰਕੇ ਗੁਰੂ ਜੀ ਆਖਦੇ ਹਨ, ਇਸ ਬਿਪਤਾ ਦੇ ਸਮੇਂ ਵਿਚ ਇਕ ਅਕਾਲ ਪੁਰਖ ਦਾ ਸਹਾਰਾ ਕੰਮ ਦੇਂਦਾ ਹੈ, ਜੋ ਸਦਾ ਸਾਥ ਨਿਭਦਾ ਹੈ। ਅਜੇਹੀ ਮੁਸੀਬਤ ਸੇ ਸਮੇਂ ਗੁਰੂ ਤੇਗ ਬਹਾਦਰ

ਸਾਹਿਬ ਨੇ ਨਿਮਾਣੇ, ਨਿਤਾਣੇ, ਬੇ ਸਹਾਰਾ ਲੋਕਾਂ ਦੀ ਬਾਂਹ ਫੜੀ ਅਤੇ ਮਾਨਵ ਜਾਤੀ ਦੇ ਹੱਕਾਂ ਲਈ ਸ਼ਹੀਦੀ ਦੇ ਕੇ ਔਰੰਗਜੇਬ ਨੂੰ ਵੰਗਾਰਿਆ।੫੫।

ਮੁਸੱਲਾ ਬੇਚ ਕਰ ਖੰਜਰ ਖਰੀਦ ਐ ਬੇ ਅਕਲ ਸੂਫੀ! ਕਿ ਟਕਰਾਨੇ ਕੋ ਹੈ ਤੇਰੀ ਫਕੀਰੀ ਸੇ ਸ਼ਹਿਨਸ਼ਾਹੀ। (ਇਕ ਸੂਫੀ ਦਰਵੇਸ਼)

ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰੁ ਗੋਬਿੰਦੁ ॥ ਕਹੁ ਨਾਨਕ ਇਹ ਜਗਤ ਮੈ, ਕਿਨ ਜਪਿਓ ਗੁਰ ਮੰਤੁ ॥੫੬॥ (ਜਗਤ ਵਿਚ ਕੋਈ ਜੀਵ ਵੀ ਸਦਾ ਕਾਇਮ ਨਹੀਂ ਰਿਹਾ, ਕੇਵਲ ਵਾਹਿਗੁਰੂ ਦਾ) ਨਾਮ ਸਦਾ ਰਿਹਾ ਹੈ, (ਵਾਹਿਗੁਰੂ ਦਾ ਨਾਮ ਜਪਣ ਵਾਲੇ) ਸਾਧੂ ਰਹੇ ਹਨ ਅਤੇ ਗੁਰੂ ਗੋਬਿੰਦ (ਅਕਾਲ ਪੁਰਖ ਸਦਾ ਕਾਇਮ) ਰਿਹਾ ਹੈ।ਗੁਰੂ (ਤੇਗ ਬਹਾਦਰ ਸਾਹਿਬ) ਜੀ ਕਹਿੰਦੇ ਹਨ, ਕਿਸੇ ਵਿਰਲੇ ਨੇ ਹੀ ਇਸ ਜਗਤ ਵਿਚ ਗੁਰੂ ਦਾ (ਵਾਹਿਗੁਰੂ) ਮੰਤਰ ਜਪਿਆ ਹੈ।੫੬।

ਪਦਾਰਥ = ਰਹਿਓ–ਸਦਾ ਕਾਇਮ ਰਿਹਾ।ਸਾਧੂ–(ਨਾਮ ਜਪਣ ਵਾਲੇ ਪੁਰਸ਼) ਗੁਰਮੁਖ ਜਨ।ਗੁਰੁ ਗੋਬਿੰਦੁ–ਅਕਾਲ ਪੁਰਖ; ਨਿਰੰਕਾਰ ਸਰੂਪ ਗੁਰੂ (ਗੋਬਿੰਦ ਸਿੰਘ)।ਜਗਤ ਮੈ–ਜਗਤ ਵਿਚ।ਕਿਨ–ਕਿਸੇ (ਵਿਰਲੇ) ਨੇ।ਗੁਰ ਮੰਤੁ–ਗੁਰ ਦਾ ਮੰਤ੍ਰ।੫੬।

ਵਿਆਖਿਆ = ਦੁਨੀਆਂ ਵਿਚ ਕੋਈ ਵੀ ਸਥਿਰ ਰਹਿਣ ਵਾਲੀ ਚੀਜ ਨਹੀਂ।ਪਰ ਗੁਰੂ ਜੀ ਆਖਦੇ ਹਨ, ਜਦ ਸਭ ਕੁਝ ਨਾਸ਼ ਹੋ ਜਾਂਦਾ ਹੈ ਤਾਂ ਨਾਮ ਸਦਾ ਕਾਇਮ ਰਹਿੰਦਾ ਹੈ, ਦੂਜੇ ਨਾਮ ਜਪਣ ਵਾਲੇ ਗੁਰਮੁਖ ਜਨ ਨਿਰੰਕਾਰ ਵਿਚ ਮਿਲ ਕੇ ਸਦਾ ਕਾਇਮ ਰਹਿੰਦੇ ਹਨ {ਜਹ ਅਬਿਗਤੁ ਭਗਤ ਤਹ ਆਪਿ ੨੯੨} ਅਤੇ ਨਿਰੰਕਾਰ ਸਦਾ ਸਥਿਰ ਰਹਿੰਦਾ ਹੈ {ਥਿਰੁ ਪਾਰਬ੍ਰਹਮੁ ਪਰਮੇਸਰੋ, ਸੇਵਕੁ ਥਿਰੁ ਹੋਸੀ ੧੧੦੦}।ਇਸ ਸਲੋਕ ਦੇ ਦੂਜੇ ਅਰਥ ਃ– ਅਸੀਂ ਭਾਵੇਂ ਨਾ ਰਹੀਏ, ਪਰ ਜਦ ਗੁਰੂ ਗੋਬਿੰਦ ਸਿੰਘ ਜੀ ਰਹਿ ਗਏ ਹਨ, ਤਾਂ ਹਰੀ ਦਾ ਨਾਮ ਅਤੇ ਉਸ ਦੇ ਜਪਾਣ ਵਾਲਾ ਸਾਧੂ ਗੁਰੂ ਰਹਿ ਗਿਆ ਹੈ।ਹੁਣ ਕੋਈ ਫਿਕਰ ਨਹੀਂ (ਸ਼ਬਦਾਰਥ)।ਸਾਡੀ ਕੁਰਬਾਨੀ ਦਾ ਸਦਕਾ ਵਾਹਿਗੁਰੂ ਦਾ ਨਾਮ ਸੰਸਾਰ ਵਿਚ ਰਹੇਗਾ, ਭਜਨ ਕਰਨ ਵਾਲੇ ਗੁਰਮੁਖ ਗੁਰਸਿੱਖ ਰਹਿ ਜਾਣਗੇ, ਗੁਰਿਆਈ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਤੇ ਗੁਰ ਬਾਣੀ ਦੇ ਰੂਪ ਵਿਚ ਸਦਾ ਕਾਇਮ ਰਹਿਣਗੇ।ਇਸ ਜਗਤ ਵਿਚ ਜਿਸ ਕਿਸੇ ਨੇ ਗੁਰ ਮੰਤ੍ਰ ਜਪਿਆ, ਉਹ ਸਿੱਖ ਕਾਇਮ ਰਹਿਣਗੇ (ਕੁਰਬਾਨੀ ਦਿਤੀ ਨਿਸਫਲ ਨਹੀ ਜਾਵੇਗੀ (ਟਕਸਾਲ)।

ਹੇ ਨਾਨਕ! ਆਖ–ਇਸ ਦੁਨੀਆਂ ਵਿਚ ਜਿਸ ਕਿਸੇ (ਮਨੁੱਖ) ਨੇ (ਹਰਿ ਨਾਮ ਸਿਮਰਨ ਵਾਲਾ) ਗੁਰੂ ਦਾ ਉਪਦੇਸ਼ ਆਪਣੇ ਅੰਦਰ ਸਦਾ ਵਸਾਇਆ ਹੈ, (ਤੇ ਨਾਮ ਜਪਿਆ ਹੈ, ਅੰਤ ਵੇਲੇ ਭੀ ਪ੍ਰਮਾਤਮਾ ਦਾ) ਨਾਮ (ਉਸ ਦੇ ਨਾਲ ਰਹਿੰਦਾ ਹੈ, ਬਾਣੀ ਦੇ ਰੂਪ ਵਿਚ) ਗੁਰੂ ਉਸ ਦੇ ਨਾਲ ਰਹਿੰਦਾ ਹੈ, ਅਕਾਲ ਪੁਰਖ ਉਸ ਦੇ ਨਾਲ ਹੈ (ਦਰਪਣ)।੫੬।

ਹਿੰਦ ਵਿਖੈ ਅੰਧ ਘੋਰ ਮਚਿਓ ਜਬ, ਸਾਧੂ ਸੰਤ ਨਹਿ ਦੇਖਨ ਪਾਵਤ।ਧਰਮ ਕੀ ਥਾਂ ਅਧਰਮ ਹੋਵੈ, ਨਹਿ ਰੱਛਕ ਗਊ ਗਰੀਬ ਦਿਖਾਵਤ।ਤਬ ਤੇਗ ਬਹਾਦਰ ਹਿੰਦ ਕੀ ਚਾਦਰ, ਥੇ ਚਕ ਨਾਨਕੀ ਬੀਚ ਬਤਾਵਤ।ਸੇਵਾ ਹਰੀ ਇਸ ਘੋਰ ਕਲੂ ਮਹਿ, ਗੁਰੂ ਜੰਞੂ ਕੀ ਲਾਜ ਰਖਾਵਤ।(ਸ਼ਹੀਦ ਬਿਲਾਸ ਭਾ. ਮਨੀ ਸਿੰਘ ਕ੍ਰਿਤ ਸੇਵਾ ਸਿੰਘ)।

ਰਾਮ ਨਾਮੁ ਉਰ ਮੈ ਗਹਿਓ, ਜਾ ਕੈ ਸਮ ਨਹੀ ਕੋਇ ॥ ਜਿਹ ਸਿਮਰਤ ਸੰਕਟ ਮਿਟੈ, ਦਰਸੁ ਤੁਹਾਰੋ ਹੋਇ ॥੫੭॥ (ਗੁਰੂ ਜੀ ਅਖੀਰ ਵਿਚ ਸਿਧਾਂਤ ਦੀ ਗੱਲ ਆਖਦੇ ਹਨ ਕਿ ਮੈਂ) ਵਾਹਿਗੁਰੂ ਦਾ ਨਾਮ (ਦ੍ਰਿੜ ਕਰਕੇ) ਹਿਰਦੇ ਵਿਚ ਗ੍ਰਹਿਣ ਕੀਤਾ ਹੋਇਆ ਹੈ, ਜਿਸ (ਨਾਮ) ਦੇ ਬਰਾਬਰ ਦਾ (ਜਗਤ ਵਿਚ ਹੋਰ) ਕੋਈ ਨਹੀਂ ਹੈ।(ਹੇ ਵਾਹਿਗੁਰੂ! ਤੇਰਾ ਨਾਮ ਅਜੇਹਾ ਹੈ) ਜਿਸ ਨੂੰ ਸਿਮਰਦਿਆਂ (ਸਭ ਤਰ੍ਹਾਂ ਦੇ) ਕਸ਼ਟ ਮਿਟ ਜਾਂਦੇ ਹਨ ਅਤੇ ਤੇਰਾ ਦਰਸ਼ਨ ਵੀ ਹੋ ਜਾਂਦਾ ਹੈ।੫੭।

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ।ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ। (੬੩੨)

ਪਦਾਰਥ = ਰਾਮ ਨਾਮੁ–ਨਿਰੰਕਾਰ ਦਾ ਨਾਮ।ਉਰ ਮੈ–ਹਿਰਦੇ ਵਿਚ।ਗਹਿਓ–ਗ੍ਰਹਿਣ (ਧਾਰਨ) ਕੀਤਾ।ਜਾ ਕੈ–ਜਿਸ ਦੇ।ਸਮ–ਬਰਾਬਰ।ਜਿਹ ਸਿਮਰਤ–ਜਿਸ ਨੂੰ ਸਿਮਰਦਿਆਂ।ਸੰਕਟ–ਦੁਖ (ਜਨਮ ਮਰਨ ਦਾ)।ਤੁਹਾਰੋ–ਤੇਰਾ।੫੭।

॥ ਚਿਤ ਚਰਣ ਕਮਲ ਕਾ ਆਸਰਾ ਚਿਤ ਚਰਣ ਕਮਲ ਸੰਗਿ ਜੋੜੀਐ ॥

॥ ਮਨ ਲੋਚਹਿ ਬੁਰਿਆਈਆਂ ਗੁਰ ਸਬਦੀਂ ਇਹੁ ਮਨ ਹੋੜੀਐ ॥

॥ ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥

॥ ਗੁਰ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਐ ॥ (ਭੱਟ ਕੇਸੋ ਦਾਸ)

॥ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕ ਸੰਪੂਰਣ ਹੋ ਗਏ ਹਨ ॥

॥ ਪ੍ਰਗਟ ਭਏ ਗੁਰੂ ਤੇਗ ਬਹਾਦਰ ॥

॥ ਸਗਲ ਸ੍ਰਿਸਟਿ ਪੈ ਢਾਪੀ ਚਾਦਰ ॥ (ਕਵੀ ਸੈਨਾਪਤਿ)

ਮੁੰਦਾਵਣੀ ਮਹਲਾ ੫ ॥

ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿ ਧਾਰੋ ॥ ਤਮ ਸੰਸਾਰੁ ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ ॥੧॥ ਹੇ ਭਾਈ! (ਗੁਰੂ ਗ੍ਰੰਥ ਸਾਹਿਬ ਰੂਪ) ਥਾਲ ਵਿਚ ਤਿੰਨ ਚੀਜਾਂ ਰੱਖੀਆਂ ਪਈਆਂ ਹਨ, (ਉਹ ਤਿੰਨ ਚੀਜਾਂ ਹਨ) ਸਤ, ਸੰਤੋਖ ਰੱਖਣਾ ਅਤੇ (ਗੁਰ ਸ਼ਬਦ ਦੀ) ਬਿਚਾਰ। ਅਕਾਲ ਪੁਰਖ ਦਾ ਅੰਮ੍ਰਿਤ (ਅਮਰ ਕਰ ਦੇਣ ਵਾਲਾ) ਨਾਮ ਵੀ (ਇਸ ਥਾਲ ਵਿਚ) ਪਿਆ ਹੋਇਆ ਹੈ, ਜਿਸ ਦਾ ਸਭ ਨੂੰ ਆਸਰਾ ਹੈ {ਬੀਜ ਮੰਤ੍ਰ ਸਰਬ ਕੋ ਗਿਆਨੁ। ਚਹੁ ਵਰਨਾ ਮਹਿ ਜਪੈ ਕੋਊ ਨਾਮੁ ੨੭੪}। ਜਿਹੜਾ ਕੋਈ (ਗੁਰਮੁਖ ਇਸ ਅੰਮ੍ਰਿਤ ਨਾਮ ਭੋਜਨ ਨੂੰ) ਖਾਂਦਾ ਹੈ, (ਸਵਾਦ ਲੈ ਲੈ ਕੇ ਨਾਮ ਭੋਜਨ ਦਾ) ਅਨੰਦ ਮਾਣਦਾ ਹੈ, ਉਸ ਦਾ (ਸੰਸਾਰ ਸਾਗਰ ਤੋਂ) ਪਾਰ ਉਤਾਰਾ ਹੋ ਜਾਂਦਾ ਹੈ। (ਇਸ ਨਾਮ ਦਾ ਅਜੇਹਾ ਅਨੰਦ ਆਉਂਦਾ ਹੈ ਕਿ ਮੁੜ) ਇਹ ਵਸਤੂ ਛੱਡੀ ਨਹੀ ਜਾ ਸਕਦੀ, (ਇਸ ਕਰਕੇ, ਹੇ ਭਾਈ! ਇਸ ਆਤਮਕ ਅਨੰਦ ਦੇਣ ਵਾਲੀ ਵਸਤੂ ਨੂੰ) ਨਿਤਾ ਪ੍ਰਤੀ (ਸਦਾ ਹੀ ਅਪਣੇ) ਹਿਰਦੇ ਵਿਚ ਟਿਕਾ ਕੇ ਰੱਖ। (ਸੱਤਗੁਰੂ ਦੇ) ਚਰਨਾਂ ਨਾਲ ਲਗ (ਜੁੜ) ਕੇ ਹਨ੍ਹੇਰੇ ਸੰਸਾਰ (ਸਮੁੰਦਰ) ਤੋਂ ਤਰ ਜਾਈਦਾ ਹੈ, ਗੁਰੂ (ਅਰਜਨ ਦੇਵ) ਜੀ ਆਖਦੇ ਹਨ ਕਿ (ਗੁਰੂ ਚਰਨਾਂ ਨਾਲ ਲਗ ਕੇ ਅਤੇ ਨਾਮ ਜਪ ਕੇ) ਸਾਰਾ ਸੰਸਾਰ ਬ੍ਰਹਮ ਦਾ ਪਸਾਰਾ ਦਿਸਣ ਲਗ ਜਾਂਦਾ ਹੈ।੧।

ਪਦਰਾਥ = ਥਾਲੈ ਵਿਚਿ-(ਗੁਰੂ ਗ੍ਰੰਥ ਸਾਹਿਬ ਰੂਪ) ਥਾਲ ਵਿਚ। ਤਿੰਨਿ ਵਸਤੂ-ਤਿੰਨ ਚੀਜਾਂ। ਪਈਓ-ਪਈਆਂ ਹਨ। ਸਤੁ-ਨੇਕੀ; ਸਦਾਚਾਰਕ ਜੀਵਨ ਦੇਣ ਵਾਲਾ ਸੱਚ। ਸੰਤੋਖ-ਦੌੜ ਭੱਜ ਅਤੇ ਲੋਭ ਤੋਂ ਰਹਿਤ। ਵੀਚਾਰੋ-(ਗੁਰ ਸ਼ਬਦ ਦੀ) ਬਿਚਾਰ; ਸ਼ੁੱਭ ਬਿਚਾਰ; ਵਿਚਾਰ ਲਓ (ਸੰ. ਸ.; ਫ. ਸ.; ਟਕਸਾਲ)। ਅੰਮ੍ਰਿਤ ਨਾਮ-ਮ੍ਰਿਤੂ ਤੋਂ ਰਹਿਤ ਕਰ ਦੇਣ ਵਾਲਾ ਨਾਮ। ਠਾਕੁਰ ਕਾ-ਅਕਾਲ ਪੁਰਖ ਦਾ। ਪਇਓ-ਪਿਆ ਹੋਇਆ ਹੈ। ਜਿਸ ਕਾ-ਜਿਸ (ਨਾਮ) ਦਾ। ਸਭਸੁ-ਸਭ ਨੂੰ। ਅਧਾਰੋ-ਆਸਰਾ। ਜੇ ਕੋ-ਜਿਹੜਾ ਕੋਈ। ਭੁੰਚੈ-ਖਾਂਦਾ ਹੈ; ਭੋਗਦਾ ਹੈ; ਮਾਣਦਾ ਹੈ। ਤਿਸ ਕਾ-ਉਸ ਦਾ। ਹੋਇ ਉਧਾਰੋ-ਪਾਰ ਉਤਾਰਾ ਹੋ ਜਾਂਦਾ ਹੈ। ਤਜੀ ਨਹ ਜਾਈ-ਛੱਡੀ ਨਹੀਂ ਜਾ ਸਕਦੀ। ਨਿਤ ਨਿਤ-ਨਿਤਾ ਪ੍ਰਤੀ; ਹਰ ਰੋਜ; ਸਦਾ। ਉਰਿ ਧਾਰੋ-ਹਿਰਦੇ ਵਿਚ ਟਿਕਾ ਕੇ। ਤਮ ਸੰਸਾਰੁ-ਹਨ੍ਹੇਰਾ ਸੰਸਾਰ (ਸਾਗਰ)। ਚਰਨ ਲਗਿ-ਚਰਨਾਂ ਨਾਲ ਲਗ ਕੇ। ਬ੍ਰਹਮ ਪਸਾਰੋ-ਬ੍ਰਹਮ ਦਾ ਵਿਸਥਾਰ (ਸਾਰਾ ਸੰਸਾਰ ਨਿਰੰਕਾਰ ਦਾ ਹੀ ਪਸਾਰਾ ਦਿਸਦਾ ਹੈ)।੧।

ਵਿਆਖਿਆ = ਮੁੰਦਾਵਣੀ ਦੇ ਅਰਥਃ- ਭੇਤ ਦੀ ਗੱਲ; ਪ੍ਰਸੰਨ ਕਰਨਾ; ਸਾਹਿਤ ਵਿਚ ਐਸੀ ਰਚਨਾ ਜਿਸ ਵਿਚ ਭਾਵ ਜਾਂ ਅਰਥ ਮੁੰਦ (ਬੰਦ ਕਰ) ਕੇ ਜਾਂ ਲੁਕਾ ਕੇ ਰਖਿਆ ਹੋਵੇ {ਏਹ ਮੁਦਾਵਣੀ ਸਤਿਗੁਰੂ ਪਾਈ, ਗੁਰਸਿਖਾ ਲਧੀ ਭਾਲਿ ੬੪੫}। ਬੁਝਾਰਤ ਜਾਂ ਅੜਾਉਣੀ (ਐਸੀ ਗੱਲ ਜੋ ਕੋਈ ਛੇਤੀ ਨਾਲ ਸਮਝ ਨਾ ਸਕੇ)। ਮੁੰਦਾਵਣੀ, ਮਨ ਦੀ ਕਿਸੇ ਡੂੰਘੀ ਬਿਚਾਰ ਦਾ ਨਾਮ ਹੈ, ਜੋ ਭਾਲ ਕਰਨ ਨਾਲ ਲੱਭਣ ਵਾਲੀ ਹੈ। ਪੋਠੋਹਾਰ ਵਿਚ ਮੁੰਦਾਵਣੀ ਬੁਝਾਰਤ ਨੂੰ ਆਖਦੇ ਹਨ। ਜੰਞ ਜਦ ਰੋਟੀ ਖਾਣ ਬੈਠਦੀ ਹੈ ਤਾਂ ਕੁੜੀਆਂ ਬੁਝਾਰਤ ਪਾ ਕੇ ਥਾਲੀ ਬੰਨ੍ਹ ਦੇਂਦੀਆਂ ਹਨ, ਉਹ ਬੁੱਝੀ ਜਾਵੇ ਤਾਂ ਜੰਞ ਰੋਟੀ ਖਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੁੰਦਾਵਣੀ ਵਾਲੇ ਦੋ ਸਲੋਕ ਹਨ, ਇਕ ਗੁਰੂ ਅਮਰ ਦਾਸ ਜੀ ਦਾ ਸੋਰਠ ਦੀ ਵਾਰ ਵਿਚ ੬੪੫ ਅੰਗ ਤੇ ਹੈ ਅਤੇ ਦੂਜਾ ੧੪੨੯ ਅੰਗ ਤੇ ਗੁਰੂ ਅਰਜਨ ਦੇਵ ਜੀ ਦਾ ਸਲੋਕ ਹੈ। ਦੋਹਾਂ ਸਲੋਕਾਂ ਵਿਚ ਥਾਲ ਅਤੇ ਭੋਜਨ ਦਾ ਜਿਕਰ ਹੈ। {ਸਲੋਕ ਮਃ ੩॥ ਥਾਲੈ ਵਿਚਿ ਤੈ ਵਸਤੂ ਪਈਓ, ਹਰਿ ਭੋਜਨੁ ਅੰਮ੍ਰਿਤੁ ਸਾਰੁ ੬੪੫} ਇਸ ਪੂਰੇ ਸਲੋਕ ਦੇ ਅਰਥ ਇਉਂ ਹਨ = ਗੁਰਸਿਖ ਦੇ ਹਿਰਦੇ ਰੂਪ ਥਾਲ ਵਿਚ ਗੁਰੂ ਵੱਲੋਂ ਤਿੰਨ ਵਸਤੂਆਂ ਪ੍ਰੋਸੀਆਂ ਪਈਆਂ ਹਨ (ਜੋ ਸੰਸਾਰਕ ਭੋਜਨ ਨਹੀਂ) ਪਰ ਰੁਹਾਨੀ ਖੁਰਾਕ ਹੈ। ਅਤੇ ਸੁਆਦ ਵਿਚ ਅੰਮ੍ਰਿਤ ਤੋਂ ਵੀ ਸ੍ਰੇਸਟ ਹੈ, ਜਿਸ ਭੋਜਨ ਦੇ ਖਾਧਿਆਂ ਮਨ ਰੱਜ ਜਾਂਦਾ ਹੈ ਤੇ ਮੁਕਤੀ ਦਾ ਦਰ ਪਾ ਲਈਦਾ ਹੈ। ਹੇ ਸੰਤੋ! ਇਹ ਭੋਜਨ ਹੋਰ ਤ੍ਰੀਕਿਆਂ ਨਾਲ ਨਹੀ ਮਿਲਦਾ, ਗੁਰੂ ਦੀ ਬਖਸ਼ੀ ਬਿਚਾਰ ਨਾਲ ਲਭਦਾ ਹੈ। ਹੁਣ ਇਸ ਸਲੋਕ ਵਿਚ ਪਤਾ ਨਹੀਂ ਲੱਗਾ ਕਿ ਤਿੰਨ ਵਸਤੂਆਂ ਕਿਹੜੀਆਂ ਹਨ? ਮਾਨੋ ਇਹ ਸਲੋਕ ਗੁਰੂ ਅਮਰਦਾਸ ਜੀ ਨੇ ਆਪ ਇਕ ਬੁਝਾਰਤ ਪਾਈ ਹੈ। ਆਪ ਆਖਦੇ ਹਨ ਕਿ ਇਹ ਹੈ ਤਾਂ ਬੁਝਾਰਤ, ਪਰ ਇਸ ਨੂੰ ਵਿਚੋਂ ਕਿਵੇਂ ਕੱਢੀਏ ਅਤੇ ਦਿਲ ਵਿਚ ਧਾਰਨ ਕਰੀਏ? ਗੁਰ ਸਿੱਖਾਂ ਨੇ ਭਾਲ ਕਰ ਕੇ ਲੱਭ ਲਈ ਹੈ, ਸਿੱਖਾਂ ਨੇ ਘਾਲ ਕਰਕੇ ਹਰੀ ਨੂੰ ਪਾਇਆ ਹੈ ਅਤੇ ਜਿਸ ਨੂੰ ਹਰੀ ਬੁਝਾਏਗਾ, ਉਹ ਇਸ ਬੁਝਾਰਤ ਨੂੰ ਬੁੱਝੇਗਾ। ਸੋ ਅੰਤ ਤਕ ਇਸ ਸਲੋਕ ਵਿਚ ਬੁਝਾਰਤ ਨਿਭੀ ਹੈ

।ਇਸ ਸਲੋਕ ਵਿਚ ਗੁਰੂ ਜੀ ਨੇ ਇਕ ਹਰੀ ਦੀ ਪ੍ਰਾਪਤੀ ਦੇ ਸਿਧਾਂਤ ਵੱਲ ਇਸ਼ਾਰਾ ਕੀਤਾ ਹੈ।ਗੁਰੂ ਅਰਜਨ ਦੇਵ ਜੀ ਨੇ ਇਸ ਬੁਝਾਰਤ ਨੂੰ ਅਖੀਰ ਵਿਚ ਖੋਹਲਿਆ ਹੈ, ਇਸ ਵਿਚ ਪ੍ਰੋਸੇ ਹੋਏ ਤਿੰਨੇ ਪਦਾਰਥ ਵੀ ਦਸ ਦਿਤੇ ਹਨ।ਗੁਰੂ ਅਰਜਨ ਦੇਵ ਜੀ ਦਾ ਮੁੰਦਾਵਣੀ ਵਾਲਾ ਸਲੋਕ, ੬੪੫ ਅੰਗ ਤੇ ਲਿਖਿਆ ਗੁਰੂ ਅਮਰਦਾਸ ਜੀ ਦੇ ਸਲੋਕ ਦਾ ਹੱਲ ਹੈ।ਗੁਰੂ ਅਰਜਨ ਦੇਵ ਜੀ ਦਾ ਮੁੰਦਾਵਣੀ ਵਾਲਾ ਸਲੋਕ ਬੁਝਾਰਤ ਵੀ ਹੈ ਤੇ ਬੁਝਾਰਤ ਦਾ ਹੱਲ ਵੀ ਹੈ।ਥਾਲ ਵਿਚ ਤਿੰਨ ਵਸਤਾਂ ਪਈਆਂ ਹਨ, ਸਤ, ਸੰਤੋਖ ਅਤੇ ਠਾਕੁਰ ਦਾ ਨਾਮ।(ਹੁਕਮ ਹੈ ਕਿ ਇਸ ਨੂੰ) ਵਿਚਾਰ ਲਵੋ।ਹੇ ਸੰਤ ਜਨੋਂ! ਤਿੰਨ ਵਸਤਾਂ ਥਾਲ ਵਿਚ ਪਈਆਂ ਹਨ, ਸਤ, ਸੰਤੋਖ ਤੇ ਅੰਮ੍ਰਿਤ ਨਾਮ ।ਇਸ ਨੂੰ ਖੋਹਲਣ ਵਾਲੀ ਕੁੰਜੀ ਵਿਚਾਰੋ ਪਦ ਵਿਚ ਹੈ।ਜੇ ਵਿਚਾਰ ਕਰੋਗੇ ਤਾਂ ਮੁੰਦਾਵਣੀ ਖੁਲ੍ਹ ਜਾਏਗੀ।ਪਦਾਰਥ ੩ ਹਨ, ਸਤ, ਸੰਤੋਖ ਅਤੇ ਠਾਕੁਰ ਦਾ ਨਾਮ, ਵਿਚਾਰੋ ਪਦ ਕਿਰਿਆ ਹੈ, ਸੰਗਿਆ ਨਹੀ।ਜਿਵੇਂ ੬੪੫ ਅੰਗ ਵਾਲੇ ਸਲੋਕ ਵਿਚ ਕਿਹਾ ਹੈ 'ਸੰਤਹੁ ਲਭੈ ਗੁਰ ਵੀਚਾਰਿ'..।ਉਸੇ ਤਰ੍ਹਾਂ ੧੪੨੯ ਅੰਗ ਵਾਲੇ ਸਲੋਕ ਵਿਚ ਕਿਹਾ ਹੈ ਕਿ ਵਿਚਾਰ ਕਰੋ।ਪਹਿਲੀ ਵਿਚ ਵੀ ਫਲ 'ਮੋਖ ਦੁਆਰ' ਦਸਿਆ ਹੈ ਤੇ ਦੂਜੇ ਵਿਚ ਵੀ ਫਲ 'ਹੋਇ ਉਧਾਰੋ' ਦਸਿਆ ਹੈ (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਭਾ. ਵੀਰ ਸਿੰਘ)।ਇਸੇ ਤਰ੍ਹਾਂ ਦਾ ਵਿਚਾਰ ਸ਼ਬਦਾਰਥ ਨੇ ਵੀ ੬੪੫ ਅੰਗ ਤੇ ੨੪ ਨੰਃ ਦੇ ਫੁੱਟ ਨੋਟ ਵਿਚ ਦਿਤਾ ਹੈ।ਥਾਲ ਵਿਚ ਪ੍ਰੋਸਿਆ ਇਕ ਭੋਜਨ ਜੋ ਤਿੰਨ ਚੀਜਾਂ ਤੋਂ ਬਣਿਆ ਹੈ।ਉਸ ਦੇ ਗੁਣ ਤਾਂ ਦਸ ਦਿਤੇ, ਪਰ ਉਹ ਚੀਜਾਂ ਨਹੀਂ ਦੱਸੀਆਂ।ਉਹ ਸਿੱਖਾਂ ਨੇ ਖੋਜ ਕਰ ਕੇ ਲੱਭਣੀਆਂ ਹਨ, ਇਸ ਮੁੰਦਾਵਣੀ ਦਾ ਹੱਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚੀ ਮੁੰਦਾਵਣੀ ਵਿਚ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੪੨੯ ਅੰਗ ਤੇ ਹੈ ।ਉਥੇ ਥਾਲ ਵਿਚ ਪਈਆਂ ਤਿੰਨ ਵਸਤੂਆਂ ਸੱਤ, ਸੰਤੋਖ ਅਤੇ ਵਿਚਾਰ ਦਸੀਆਂ ਹਨ।ਮੁੰਦਾਵਣੀ ਦਾ ਢੁਕਵਾਂ ਅਰਥ ਆਤਮਕ ਪ੍ਰਸੰਨਤਾ (ਅਨੰਦ) ਦੇਣ ਵਾਲੀ ਵਸਤੂ (ਰੁਹਾਨੀ ਖੁਰਾਕ 'ਨਾਮ'); ਬੁਝਾਰਤ, ਹੀ ਸਹੀ ਹਨ।ਟਕਸਾਲ; ਸ਼ਬਦਾਰਥ; ਸੰ. ਸ.; ਫ. ਸ.; ਦਰਪਣ; ਨਿਰਣੈ ਤੇ ਭਾ. ਵੀਰ ਸਿੰਘ ਸਭ ਨੇ ਵੀ ਮੁੰਦਾਵਣੀ ਦੇ ਅਰਥ ਇਹੀ ਕੀਤੇ ਹਨ।ਤੈ ਦੇ ਅਰਥ ਤਿੰਨ ਹਨ, {ਗਜ ਸਾਢੇ ਤੈ ਤੈ ਧੋਤੀਆ...੪੭੬}।ਜੇ ਮੁੰਦਾਵਣੀ ਦੇ ਅਰਥ ਮੋਹਰ ਛਾਪ (ਮੁੰਦ; ਬੰਦ ਕਰ ਦਿਤਾ) ਕੀਤਾ ਜਾਏ, ਤਾਂ ਇਸ ਦਾ ਭਾਵ ਹੈ ਕਿ ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਰੂਪ ਥਾਲ ਵਿਚ ਸਤੁ ਸੰਤੋਖ ਵਿਚਾਰ ਅਤੇ ਠਾਕਰ ਦਾ ਅੰਮ੍ਰਿਤ ਨਾਮ ਪ੍ਰੋਸ ਕੇ ਉਪਰੋਂ ਮੁੰਦ (ਬੰਦ ਕਰਕੇ ਜਾਂ ਢਕ) ਕੇ ਗੁਰ ਸਿੱਖਾਂ ਨੂੰ ਬੁਝਾਰਤ ਪਾਈ ਹੈ ਕਿ ਭਾਈ ਇਸ ਥਾਲ ਨੂੰ ਖੋਜੋ, ਇਸ ਦੇ ਅੰਦਰ ਕੀ ਕੀ ਅਮੋਲਕ ਚੀਜਾਂ ਹਨ ? ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ ਕਿ ਇਸ ਸਲੋਕ ਵਿਚ ਬੁਝਾਰਤ ਵੀ ਹੈ ਅਤੇ ਹੱਲ ਵੀ।ਜਿਹੜੇ ਸੱਜਨ ਆਖਦੇ ਹਨ ਕਿ ਮੁੰਦਾਵਣੀ ਵਾਲੇ ਸਲੋਕ ਤੇ ਮੋਹਰ ਛਾਪ ਲਾਕੇ ਸਮਾਪਤੀ ਕਰ ਦਿਤੀ ਹੈ, (ਇਸ ਤੋਂ ਅੱਗੇ ਹੋਰ ਕੋਈ ਬਾਣੀ ਨਾ ਲਿਖੇ) ਤਾਂ ਇਸ ਤੋਂ ਅਗਲਾ, 'ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ '...ਕੀ ਬਾਣੀ ਨਹੀ? ਫਿਰ, ਤੇਰਾ ਕੀਤਾ ਜਾਤੋ ਨਾਹੀ...ਵਾਲੇ ਸਲੋਕ ਦਾ ਅੰਕ ਵੀ ੧ ਹੈ ਤੇ ਮੁੰਦਾਵਣੀ ਵਾਲੇ ਸਲੋਕ ਦਾ ਅੰਕ ਵੀ ੧ ਹੈ।ਇਸ ਤੋਂ ਭਾਵ ਹੈ ਕਿ ਇਹ ਵਖੋ ਵਖਰੇ ਸਲੋਕ ਹਨ ਤੇ ਦੋਹਾਂ ਸਲੋਕਾਂ ਦੇ ਮੂਹਰੇ,'ਮਹਲਾ ੫' ਲਿਖਿਆ ਹੋਇਆ ਹੈ।ਜਾਂ ਫਿਰ 'ਤੇਰਾ ਕੀਤਾ ਜਾਤੋ ਨਾਹੀ' ਦੇ ਪਿੱਛੋਂ ਅੰਕ ੨ ਚਾਹੀਦਾ ਸੀ।ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ੫੭ ਸਲੋਕ ਲਿਖ ਕੇ ਅਖੀਰ ਵਿਚ ੧ ਅੰਕ ਪਾਇਆ ਹੈ, ਭਾਵ ੫੭ ਸਲੋਕਾਂ ਦੀ ਇਕ ਇਕਾਈ ਹੈ।ਮੁੰਦਾਵਣੀ ਅਤੇ 'ਤੇਰਾ ਕੀਤਾ ਜਾਤੋ ਨਾਹੀ' ਵਾਲੇ ਸਲੋਕਾਂ ਦੇ ਵਖੋ ਵਖਰੇ ਭਾਵ ਹੋਣ ਕਰਕੇ ਦੋਹਾਂ ਸਲੋਕਾਂ ਨਾਲ ਅੰਕ ੧ ਲਿਖਿਆ ਹੋਇਆ ਹੈ, ਪਰ ਦੋਵੇਂ ਸਲੋਕ ਲਿਖਤ ਗੁਰੂ ਅਰਜਨ ਦੇਵ ਜੀ ਦੀ ਹਨ।ਰਾਗਮਾਲਾ ਦੇ ਅੰਤ ਤਕ ਹਰੇਕ ਸਲੋਕ ਦੇ ਨਾਲ ੧ ਅੰਕ ਹੀ ਲਿਖਿਆ ਮਿਲਦਾ ਹੈ।੧।

ਸਲੋਕ ਮਹਲਾ ੫ ॥

ਤੇਰਾ ਕੀਤਾ ਜਾਤੋ ਨਾਹੀ, ਮੈਨੋ ਜੋਗੁ ਕੀਤੋਈ ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ, ਆਪੇ ਤਰਸੁ ਪਇਓਈ ॥ ਤਰਸੁ ਪਇਆ ਮਿਹਰਾਮਤਿ ਹੋਈ, ਸਤਿਗੁਰੁ ਸਜਣੁ ਮਿਲਿਆ ॥ ਨਾਨਕ ਨਾਮੁ ਮਿਲੈ ਤਾਂ ਜੀਵਾਂ, ਤਨੁ ਮਨੁ ਥੀਵੈ ਹਰਿਆ ॥੧॥ ਹੇ ਅਕਾਲ ਪੁਰਖ! ਤੇਰਾ ਕੀਤਾ ਹੋਇਆ (ਮਹਾਨ ਉਪਕਾਰ ਮੈਂ) ਨਹੀ ਜਾਣਿਆ, (ਤੁਸੀਂ ਆਪ ਹੀ ਕ੍ਰਿਪਾ ਕਰਕੇ) ਮੈਨੂੰ (ਗੁਰਬਾਣੀ ਲਿਖਣ ਦੀ ਸੇਵਾ ਦੇ) ਲਾਇਕ ਬਣਾਇਆ ਹੈ।ਮੈਂ ਗੁਣਾਂ ਤੋਂ ਹੀਣ ਵਿਚ ਕੋਈ ਗੁਣ ਨਹੀਂ ਸੀ {ਸਭਿ ਅਵਗਣ ਮੈ ਗੁਣੁ ਨਹੀ ਕੋਈ ੭੫੦}, ਆਪ ਜੀ ਨੂੰ (ਆਪੇ ਹੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਕਰਾਉਣ ਲਈ ਮੇਰੇ ਉਤੇ) ਤਰਸ ਪਿਆ ਹੈ।(ਹੇ ਨਿਰੰਕਾਰ! ਜਦ ਆਪ ਜੀ ਦੇ ਮਨ ਵਿਚ ਮੇਰੇ ਲਈ) ਤਰਸ ਪੈਦਾ ਹੋਇਆ, (ਤਾਂ ਮੇਰੇ ਉਤੇ ਆਪ ਜੀ ਦੀ ਅਤਿਅੰਤ) ਮੇਹਰ ਹੋਈ, (ਤਾਂ ਹੀ ਮੈਨੂੰ ਪੂਰਨ) ਸੱਤਗੁਰੂ ਮਿੱਤਰ ਮਿਲ ਪਿਆ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਵਾਹਿਗੁਰੂ! ਮੈਨੂੰ ਤੇਰਾ) ਨਾਮ ਮਿਲਦਾ ਹੈ, ਤਦ ਹੀ (ਮੈਂ ਆਤਮਕ ਜੀਵਨ) ਜਿਉਂਦਾ ਹਾਂ, (ਤੇ ਮੇਰਾ) ਤਨ ਵੀ ਤੇ ਮਨ ਵੀ ਖੁਸ਼ ਹੋ ਜਾਂਦਾ ਹੈ।੧।

ਪਦਾਰਥ = ਕੀਤਾ–ਕੀਤਾ ਹੋਇਆ (ਉਪਕਾਰ)।ਜਾਤੋ ਨਾਹੀ–ਨਹੀਂ ਜਾਣਿਆ (ਸਮਝਿਆ)।ਮੈਨੋ–ਮੈਨੂੰ।ਜੋਗੁ ਕੀਤੋਈ–ਲਾਇਕ (ਯੋਗ) ਬਣਾ ਦਿਤਾ।ਨਿਰਗੁਣਿਆਰੇ–ਗੁਣਾਂ ਤੋਂ ਖਾਲੀ।ਕੋ–ਕੋਈ।ਤਰਸੁ–ਦਇਆ; ਰਹਿਮ।ਪਇਓਈ–ਪਿਆ ਹੈ।ਮਿਹਰਾਮਤਿ–

ਬਖਸ਼ਿਸ; ਮੇਹਰ। ਸਜਣੁ–ਮਿੱਤ੍ਰ। ਤਾਂ–ਤਦ ਹੀ। ਥੀਵੈ–ਹੋ ਜਾਂਦਾ ਹੈ। ਹਰਿਆ–ਖੁਸ਼; ਅਨੰਦ; ਹਰਾ ਭਰਾ; ਪ੍ਰਫੁੱਲਤ।੧।

ਵਿਆਖਿਆ = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਸੰਪੂਰਨ ਹੋਣ ਤੇ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਇਆਂ ਇਹ ਸਲੋਕ ਉਚਾਰਨ ਕੀਤਾ ਹੈ। ਇਸ ਮਹਾਨ ਕਾਰਜ ਨੂੰ ਅਰੰਭ ਕਰਕੇ ਸੰਪੂਰਨ ਕਰਨ ਦੀ ਸਮਰੱਥਾ ਜਿਸ ਅਕਾਲ ਪੁਰਖ ਨੇ ਬਖਸ਼ੀ, ਨਿਮਾਣਾ ਹੋ ਕੇ ਇੰਨੀ ਨਿਮ੍ਰਤਾ ਨਾਲ ਧੰਨਵਾਦ ਅਤੇ ਸ਼ੁਕਰਾਨਾ ਕਰਨਾ ਹੁਣ ਤਕ ਸੰਸਾਰ ਵਿਚ ਕਿਸੇ ਮਨੁੱਖ ਦੇ ਹਿੱਸੇ ਨਹੀ ਆਇਆ ਹੋਵੇਗਾ। ਸੰਸਾਰੀ ਮਨੁੱਖ ਥੋੜੀ ਜਿਹੀ ਕੋਈ ਵਸਤੂ ਪ੍ਰਾਪਤ ਕਰਕੇ ਹੰਕਾਰ ਵਿਚ ਫੁੱਲੇ ਨਹੀਂ ਸਮਾਉਂਦੇ। ਇਸ ਹੰਕਾਰੀ ਦੁਨੀਆਂ ਵਿਚ ਕੋਈ ਮਨੁੱਖ ਛੋਟੀ ਜਿਹੀ ਕਿਤਾਬ ਲਿਖ ਲੈਂਦਾ ਹੈ, ਤਾਂ ਭੂਮਕਾ ਜਾਂ ਅੰਤ ਵਿਚ ਆਪ ਖੁਦ ਹੀ ਅਪਣੀ ਵਡਿਆਈ ਲਿਖ ਲੈਂਦਾ ਹੈ ਜਾਂ ਕਿਸੇ ਹੋਰ ਕੋਲੋਂ ਲਿਖਾ ਲੈਂਦਾ ਹੈ। ਪਰ ਸੱਤਗੁਰੂ ਅਰਜਨ ਦੇਵ ਜੀ ਧੀਰਜ, ਨਿਮ੍ਰਤਾ ਅਤੇ ਪ੍ਰੇਮ ਨਾਲ ਜੋ ਨਿਰੰਕਾਰ ਦਾ ਸ਼ੁਕਰਾਨਾ ਕਰ ਰਹੇ ਹਨ, ਉਹ ਬੇ ਮਿਸਾਲ ਹੈ। ਤਰਸ ਪੈਣ ਤੇ ਸੱਤਗੁਰੂ ਦੀ ਮੇਹਰ ਹੋਈ, ਮੇਰ ਤੇਰ ਮੁੱਕ ਗਈ, ਬ੍ਰਿਤੀ ਨਾਮ ਵਿਚ ਜੁੜ ਗਈ। ਨਾਮ ਦਾ ਰੂਪ, ਨਾਮ ਦੇ ਦਾਤੇ ਹੋਣ ਕਰਕੇ ਵੀ ਨਾਮ ਦੀ ਮਸਤੀ ਵਿਚ ਰਹਿਣਾ ਪਸੰਦ ਕਰਦੇ ਹਨ।੧।

॥ ਉਦਮੁ ਕੀਆ ਕਰਾਇਆ ਆਰੰਭੁ ਰਚਾਇਆ ॥
॥ ਨਾਮੁ ਜਪੇ ਜਪਿ ਜੀਵਣਾ ਗੁਰਿ ਮੰਤ੍ਰੁ ਦ੍ਰਿੜਾਇਆ ॥ (੩੯੯)

ੴ ਸਤਿਗੁਰ ਪ੍ਰਸਾਦਿ ॥ ਰਾਗ ਮਾਲਾ ॥

ਉਥਾਨਕਾ = ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਸਮੇਂ ੮੪ ਰਾਗ ਰਾਗਣੀਆਂ ਤੇ ਉਨ੍ਹਾਂ ਦੇ ਪੁਤ੍ਰ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿਚ ਆਏ, ਜਿਨ੍ਹਾਂ ਦੇ ਅੰਗ ਭੰਗ ਹੋਏ ਹੋਏ ਸਨ। ਗੁਰੂ ਜੀ ਨੇ ਰਾਗਾਂ ਅਤੇ ਉਨ੍ਹਾਂ ਦੇ ਪ੍ਰਵਾਰਾਂ ਦੀ ਇਹ ਹਾਲਤ ਦੇਖ ਕੇ ਪੁੱਛਿਆ ਕਿ ਤੁਹਾਡੇ ਅੰਗ ਭੰਗ ਹੋਣ ਦਾ ਕੀ ਕਾਰਣ ਹੈ? ਰਾਗ ਆਖਣ ਲੱਗੇ ਕਿ ਗਾਉਣ ਵਾਲੇ ਗਵੱਈਏ ਸਾਨੂੰ ਸੁਰ ਤਾਲ ਵਿਚ ਨਹੀਂ ਗਾਉਂਦੇ ਅਤੇ ਨਾ ਹੀ ਸਾਡੇ ਗਾਉਣ ਦਾ ਵੇਲਾ ਦੇਖਦੇ ਹਨ, ਸਾਨੂੰ ਵੇਲੇ ਕੁਵੇਲੇ ਗਾਉਂਦੇ ਹਨ। ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਹੁਕਮ ਕੀਤਾ ਕਿ ਰਾਗਾਂ ਦਾ ਸੂਚੀ ਪੱਤ੍ਰ ਲਿਖੋ, ਜਿਸ ਨਾਲ ਆਉਣ ਵਾਲੇ ਸਮੇਂ ਵਿਚ ਰਾਗੀਆਂ ਨੂੰ ਰਾਗਾਂ ਦੇ ਪ੍ਰਵਾਰਾਂ ਬਾਰੇ ਪਤਾ ਲਗ ਸਕੇ। ਗੁਰੂ ਜੀ ਦਾ ਹੁਕਮ ਮੰਨ ਕੇ ਭਾਈ ਗੁਰਦਾਸ ਜੀ ਨੇ ਰਾਗ ਮਾਲਾ ਦੀ ਰਚਨਾ ਕੀਤੀ (ਟਕਸਾਲ ਦੀ ਟੇਪ, ਸੰ. ਸ. ਤੇ ਫ. ਸ. ਦੇ ਵੀ ਇਹੀ ਵਿਚਾਰ ਹਨ)।

ਭਾਈ ਗੁਰਦਾਸ ਜੀ ਰਾਗਾਂ ਦਾ ਸੂਚੀ ਪੱਤ੍ਰ ਦਸਦੇ ਹਨ ः–

ਰਾਗ ਏਕ ਸੰਗਿ ਪੰਚ ਬਰੰਗਨ ॥ ਸੰਗਿ ਅਲਾਪਹਿ ਆਠਉ ਨੰਦਨ ॥ ਪ੍ਰਥਮ ਰਾਗ ਭੈਰਉ ਵੈ ਕਰਹੀ ॥ ਇਕ ਇਕ ਰਾਗ ਨਾਲ ਪੰਜ ਪੰਜ ਇਸਤ੍ਰੀਆਂ (ਰਾਗਣੀਆਂ) ਹਨ। (ਫਿਰ ਹਰੇਕ ਰਾਗ) ਨਾਲ ਅੱਠ ਅੱਠ ਪੁਤ੍ਰ (ਆਪ ਦਾ ਜਸ ਉਚਾਰਦੇ) ਅਲਾਪਦੇ ਹਨ। (ਅੰਮ੍ਰਿਤ ਵੇਲੇ ਦਾ ਸਭ ਤੋਂ) ਪਹਿਲਾਂ ਭੈਰੋਂ ਰਾਗ ਹੈ, ਉਹ (ਹੇ ਗੁਰੂ ਜੀ! ਆਪ ਜੀ ਦਾ ਜਸ) ਕਰਦਾ ਹੈ; ਪ੍ਰਭੂ ਦਾ ਜਸ ਕਰਦਾ ਹੈ।

ਅੰਗ ੧੪੩੦ = ਪੰਚ ਰਾਗਨੀ ਸੰਗਿ ਉਚਰਹੀ ॥ ਪ੍ਰਥਮ ਭੈਰਵੀ ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥ ਪੁਨਿ ਅਸਲੇਖੀ ਕੀ ਭਈ ਬਾਰੀ ॥ ਏ ਭੈਰਉ ਕੀ ਪਾਚਉ ਨਾਰੀ ॥ ਪੰਚਮ ਹਰਖ ਦਿਸਾਖ ਸੁਨਾਵਹਿ ॥ ਬੰਗਾਲਮ ਮਧੁ ਮਾਧਵ ਗਾਵਹਿ ॥੧॥ (ਭੈਰੋਂ ਰਾਗ) ਨਾਲ ਪੰਜ ਰਾਗਣੀਆਂ (ਵੀ ਮਿਲ ਕੇ ਜਸ) ਉਚਾਰਦੀਆਂ ਹਨ। (ਹੁਣ ਭੈਰੋਂ ਦੀਆਂ ਰਾਗਣੀਆਂ ਦੇ ਨਾਂ ਦਸਦੇ ਹਨ) ਪਹਿਲੀ ਦਾ ਨਾਮ ਭੈਰਵੀ, (ਅਤੇ ਦੂਜੀ) ਬਿਲਾਵਲੀ ਹੈ। (ਤੀਜੀ) ਪੁੰਨਿਆਕੀ ਅਤੇ (ਚੌਥੀ) ਬੰਗਲੀ (ਆਪ ਦਾ ਜਸ) ਗਾਉਂਦੀਆਂ ਹਨ। ਫਿਰ (ਪੰਜਵੀਂ) ਅਸਲੇਖੀ ਦੀ (ਜਸ ਗਾਉਣ ਦੀ) ਵਾਰੀ ਹੋਈ (ਆਈ) ਹੈ। ਏਹ ਭੈਰੋਂ ਰਾਗ ਦੀਆਂ ਪੰਜ ਰਾਗਣੀਆਂ ਹਨ {ਰਾਗ ਰਤਨ ਪਰਵਾਰ ਪਰੀਆ, ਸਬਦ ਗਾਵਣ ਸਬਦ ਗਾਵਣ ਆਈਆ ੯੧੭}। (ਤੇ ਹੁਣ ਭੈਰੋਂ ਦੇ ਪੁਤ੍ਰਾਂ ਦੇ ਨਾਮ ਦਸਦੇ ਹਨ) ੧. ਪੰਚਮ, ੨. ਹਰਖ, ੩. ਦਿਸਾਖ (ਤਿੰਨੇ ਮਿਲ ਕੇ ਗਾ ਕੇ ਤੁਹਾਡਾ ਜਸ) ਸੁਣਾਉਂਦੇ ਹਨ। ੪. ਬੰਗਾਲਮ, ੫. ਮਧੁ, ੬. ਮਾਧਵ, (ਵੀ ਆਪ ਦਾ ਜਸ) ਗਾਉਂਦੇ ਹਨ।੧।

ਪਦਾਰਥ = ਰਾਗ ਮਾਲਾ–ਰਾਗਾਂ ਦੇ ਨਾਵਾਂ ਦੀ ਲੜੀ; ਰਾਗਾਂ ਦਾ ਸੂਚੀ ਪੱਤ੍ਰ। ਪੰਚ–ਪੰਜ। ਬਰੰਗਨ–ਉਤਮ ਅੰਗਾਂ ਵਾਲੀਆਂ ਇਸਤ੍ਰੀਆਂ ;ਰਾਗਣੀਆਂ। ਸੰਗਿ–ਨਾਲ। ਅਲਾਪਹਿ–ਉਚਾਰਦੇ (ਗਾਉਂਦੇ) ਹਨ। ਆਠਉ–ਅੱਠ। ਨੰਦਨ–ਪੁਤ੍ਰ। ਪ੍ਰਥਮ–ਪਹਿਲਾਂ। ਭੈਰਉ–ਰਾਗ ਭੈਰੋਂ।

ਵੈ-ਉਹ।ਕਰਹੀ-(ਗਾਇਨ) ਕਰਦਾ ਹੈ।ਰਾਗਨੀ-ਰਾਗਾਂ ਦੀਆਂ ਇਸਤ੍ਰੀਆਂ (ਰਾਗਣੀਆਂ)।ਉਚਰਹੀ-ਉਚਾਰਦੀਆਂ ਹਨ।ਪੁਨਿ-ਫਿਰ; ਪੁਨਾ।ਭਈ ਬਾਰੀ-ਵਾਰੀ ਹੋਈ (ਆਈ) ਹੈ।ਏ-ਇਹ।ਕੀ-ਦੀਆਂ।ਪਾਚਉ-ਪੰਜ।ਨਾਰੀ-ਇਸਤ੍ਰੀਆਂ ਭਾਵ ਰਾਗਣੀਆਂ। ਸੁਨਾਵਹਿ-(ਗਾ ਕੇ) ਸੁਣਾ ਰਹੇ ਹਨ।ਗਾਵਹਿ-ਗਾਉਂਦੇ ਹਨ।੧।

ਲਲਤ ਬਿਲਾਵਲ ਗਾਵਹੀ, ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ, ਗਾਵਹਿ ਗਾਇਨ ਪਾਤ੍ਰ ॥੧॥ ੭. ਲਲਿਤ, ੮. ਬਿਲਾਵਲ (ਸਾਰੇ) ਅਪਣੇ ਅਪਣੇ ਢੰਗ ਅਨੁਸਾਰ (ਜਸ) ਗਾਉਂਦੇ ਹਨ।(ਇਹ) ਭੈਰੋਂ ਰਾਗ ਦੇ ਅੱਠ ਪੁਤ੍ਰ (ਆਪ ਦਾ ਜਸ) ਗਾਉਂਦੇ ਹਨ, ਜੋ ਗਾਉਣ ਦੇ ਅਧਿਕਾਰੀ ਹਨ।(ਗਾਉਣ ਵਾਲੇ ਅਧਿਕਾਰੀ ਬਣ ਕੇ ਭੈਰੋਂ ਰਾਗ ਦੇ ਅੱਠੇ ਪੁਤ੍ਰ ਕੀਰਤਨ ਕਰਦੇ ਹਨ)।੧।

ਪਦਾਰਥ = ਗਾਵਹੀ-ਗਾਉਂਦੇ ਹਨ।ਭਾਂਤਿ-ਢੰਗ ਅਨੁਸਾਰ।ਭੈਰਵ ਕੇ-ਭੈਰੋਂ ਦੇ।ਅਸਟ-ਅੱਠ।ਪਾਤ੍ਰ-ਅਧਿਕਾਰੀ; ਯੋਗ।੧।

ਦੁਤੀਆ ਮਾਲਕਉਸਕ ਆਲਾਪਹਿ ॥ ਸੰਗਿ ਰਾਗਨੀ ਪਾਚਉ ਥਾਪਹਿ ॥ ਗੋਂਡਕਰੀ ਅਰੁ ਦੇਵਗੰਧਾਰੀ ॥ ਗੰਧਾਰੀ ਸੀਹੁਤੀ ਉਚਾਰੀ ॥ ਧਨਾਸਰੀ ਏ ਪਾਚਉ ਗਾਈ ॥ ਮਾਲ ਰਾਗ ਕਉਸਕ ਸੰਗਿ ਲਾਈ ॥ ਮਾਰੂ ਮਸਤਅੰਗ ਮੇਵਾਰਾ ॥ ਪ੍ਰਬਲ ਚੰਡ ਕਉਸਕ ਉਭਾਰਾ ॥ ਖਉਖਟ ਅਉ ਭਉਰਾਨਦ ਗਾਏ ॥ ਅਸਟ ਮਾਲ ਕਉਸਕ ਸੰਗਿ ਲਾਏ ॥੧॥ ਦੂਜਾ ਰਾਗ ਮਾਲਕੌਂਸ (ਆਪ ਦਾ ਜਸ) ਅਲਾਪਦਾ ਹੈ। (ਇਹ ਰਾਗ ਆਪ ਦਾ ਜਸ ਕਰਨ ਲਈ ਅਪਣੇ) ਨਾਲ ਪੰਜ ਰਾਗਣੀਆਂ ਥਾਪਦਾ (ਲਾਉਂਦਾ) ਹੈ।(ਰਾਗ ਮਾਲਕੌਂਸ ਦੀਆਂ ਰਾਗਣੀਆਂ ਦੇ ਨਾਮ ਹਨ, ਪਹਿਲੀ) ਗੋਂਡਕਰੀ ਹੈ ਅਤੇ ਦੂਜੀ ਦੇਵ ਗੰਧਾਰੀ ਹੈ।ਤੀਜੀ ਗੰਧਾਰੀ ਅਤੇ ਚੌਥੀ ਸੀਹੁਤੀ (ਜਸ) ਉਚਾਰਨ ਕਰਦੀ ਹੈ; (ਭਾਈ ਗੁਰਦਾਸ ਜੀ ਆਖਦੇ ਹਨ ਕਿ ਮੈਂ ਜਸ ਕਰਨ ਵਾਲੀ) ਗੰਧਾਰੀ ਤੇ ਸੀਹੁਤੀ ਉਚਾਰਨ ਕੀਤੀ ਹੈ।(ਪੰਜਵੀਂ) ਧਨਾਸਰੀ ਹੈ, ਇਹ ਪੰਜ (ਰਾਗਣੀਆਂ ਆਪ ਦਾ ਜਸ) ਗਾਉਂਦੀਆਂ ਹਨ।(ਇਹ ਪੰਜ ਰਾਗਣੀਆਂ) ਰਾਗ ਮਾਲ ਕੌਂਸ ਨਾਲ ਲਾਈਆਂ ਹਨ।(ਹੁਣ ਮਾਲ ਕੌਂਸ ਰਾਗ ਦੇ ਪੁਤ੍ਰਾਂ ਦੇ ਨਾਮ ਦਸਦੇ ਹਨ) ੧. ਮਾਰੂ, ੨. ਮਸਤਅੰਗ (ਮਸਤਾਂਗ), ੩. ਮੇਵਾਰਾ। ੪.ਪ੍ਰਬਲ (ਸਭ ਨੇ ਪ੍ਰਬਲਚੰਡ ਕੱਠਾ ਰਖਿਆ ਹੈ) ,੫.ਚੰਡ ਕੌਂਸ, ੬. ਉਭਾਰਾ।੭.ਖੌਖਟ ਅਤੇ ੮. ਭੌਰਾਨਦ ਗਾਉਂਦੇ ਹਨ।ਇਹ ਅੱਠ ਪੁਤ੍ਰ ਮਾਲਕੌਂਸ ਨਾਲ ਲਗ ਕੇ (ਮਿਲ ਕੇ ਆਪ ਦਾ ਜਸ) ਗਾਉਂਦੇ ਹਨ; ਅੱਠੇ ਪੁਤ੍ਰ ਮਾਲਕੌਂਸ ਨੇ (ਜਸ ਕਰਨ ਵਾਸਤੇ ਅਪਣੇ) ਨਾਲ ਲਾਏ ਹਨ।੧।

ਪਦਾਰਥ = ਦੁਤੀਆ-ਦੂਜਾ।ਮਾਲਕਉਸਕ-ਰਾਗ ਮਾਲਕੌਂਸ।ਅਲਾਪਹ-ਅਲਾਪਦਾ ਹੈ।ਸੰਗਿ-(ਅਪਣੇ) ਨਾਲ।ਪਾਚਉ-ਪੰਜ। ਥਾਪਹਿ-ਥਾਪਦਾ ਹੈ; ਲਾਉਂਦਾ ਹੈ।ਅਰੁ-ਅਤੇ।ਏ-ਏਹ।ਅਉ-ਅਤੇ।ਅਸਟ-ਅੱਠ।ਲਾਏ-ਲਾਏ ਹਨ; ਲੱਗ ਕੇ।੧।

ਪੁਨਿ ਆਇਅਉ ਹਿੰਡੋਲੁ, ਪੰਚ ਨਾਰਿ ਸੰਗਿ ਅਸਟ ਸੁਤ ॥ ਉਠਹਿ ਤਾਨ ਕਲੋਲ, ਗਾਇਨ ਤਾਰ ਮਿਲਾਵਹੀ ॥੧॥ ਫਿਰ (ਗੁਰੂ ਜੀ ਦਾ ਜਸ ਗਾਉਣ ਲਈ ਤੀਜਾ ਰਾਗ) ਹਿੰਡੋਲ ਆਇਆ ਹੈ, (ਜਿਸ ਦੇ) ਨਾਲ ਪੰਜ ਇਸਤ੍ਰੀਆਂ (ਰਾਗਣੀਆਂ) ਅਤੇ ਅੱਠ ਪੁਤ੍ਰ ਹਨ। (ਜਦ ਇਹ) ਤਾਰਾਂ ਮਿਲਾਉਂਦੇ ਹਨ (ਭਾਵ ਸੁਰ ਕਰਕੇ ਜਸ) ਗਾਉਂਦੇ ਹਨ (ਤਾਂ ਰਾਗ ਰੂਪ ਸਾਗਰ ਤੋਂ) ਤਾਨਾਂ (ਸੁਰਾਂ) ਦੀਆਂ ਲਹਿਰਾਂ ਉਠਦੀਆਂ ਹਨ।੧।

ਪਦਾਰਥ = ਪੁਨਿ-ਫਿਰ।ਆਇਅਉ-ਆਇਆ।ਪੰਚ ਨਾਰਿ-ਪੰਜ ਇਸਤ੍ਰੀਆਂ (ਰਾਗਣੀਆਂ)।ਅਸਟ ਸੁਤ-ਅੱਠ ਪੁਤ੍ਰ।ਉਠਹਿ-ਉਠਦੀਆਂ ਹਨ।ਤਾਨ-ਰਾਗ ਦੀਆਂ ਸੁਰਾਂ ਦਾ ਅਲਾਪ।ਕਲੋਲ-ਲਹਿਰਾਂ।ਗਾਇਨ-ਗਾਉਂਦੇ ਹਨ।ਤਾਰ ਮਿਲਾਵਹੀ-ਸੁਰਾਂ ਮਿਲਾ ਕੇ; ਸੰਗੀਤ ਅਨੁਸਾਰ ਇਕ ਠਾਟ ਦੀ ਸਪਤਕ; ਸੱਤ ਸੁਰਾਂ ਦਾ ਸਮਦਾਇ; ਉਚਾ ਸੁਰ।੧।

ਤੇਲੰਗੀ ਦੇਵਕਰੀ ਆਈ ॥ ਬਸੰਤੀ ਸੰਦੂਰ ਸੁਹਾਈ ॥ ਸਰਸ ਅਹੀਰੀ ਲੈ ਭਾਰਜਾ ॥ ਸੰਗਿ ਲਾਈ ਪਾਂਚਉ ਆਰਜਾ ॥ ਸੁਰਮਾਨੰਦ ਭਾਸਕਰ ਆਏ ॥ ਚੰਦ੍ਰਬਿੰਬ ਮੰਗਲਨ ਸੁਹਾਏ ॥ ਸਰਸਬਾਨ ਅਉ ਆਹਿ ਬਿਨੋਦਾ ॥ ਗਾਵਹਿ ਸਰਸ ਬਸੰਤ ਕਮੋਦਾ ॥ ਅਸਟ ਪੁਤ੍ਰ ਮੈ ਕਹੇ ਸਵਾਰੀ ॥ ਪੁਨਿ ਆਈ ਦੀਪਕ ਕੀ ਬਾਰੀ ॥੧॥ (ਹਿੰਡੋਲ ਦੀਆਂ ਰਾਗਣੀਆਂ ਦੇ ਨਾਮਃ-) ਪਹਿਲੀ ਤੇਲੰਗੀ ਤੇ ਦੂਜੀ ਦੇਵਕਰੀ ਆਈ ਹੈ।ਤੀਜੀ ਬਸੰਤੀ ਅਤੇ ਚੌਥੀ ਸੰਦੂਰ (ਜਸ ਗਾਉਣ ਵਾਸਤੇ ਗੁਰੂ ਜੀ ਦੇ ਸਨਮੁਖ) ਸੁਭਾਇਮਾਨ ਹੋਈ।ਪੰਜਵੀਂ ਸ੍ਰੇਸਟ ਰਾਗਣੀ ਅਹੀਰੀ ਨਾਲ ਲੈ ਕੇ।(ਰਾਗ ਹਿੰਡੋਲ ਨੇ ਜਸ ਕਰਨ ਲਈ ਅਪਣੇ ਨਾਲ) ਨਾਲ ਪੰਜ ਰਾਗਣੀਆਂ ਲਾਈਆਂ ਹਨ।(ਹਿੰਡੋਲ ਦੇ ਅੱਠ ਪੁਤ੍ਰਾਂ ਦੇ ਨਾਮਃ-) ੧ ਸੁਰਮਾ ਨੰਦ, ੨ ਭਾਸਕਰ (ਹਿੰਡੋਲ ਨਾਲ ਗੁਰੂ ਜੀ ਦੀ ਸ਼ਰਣ ਵਿਚ) ਆਏ ਹਨ।੩ ਚੰਦ੍ਰਬਿੰਬ ਤੇ ੪ ਮੰਗਲਨ ਸੋਭ ਰਹੇ ਹਨ।੫ ਸਰਸਬਾਨ ਅਤੇ ੬ ਬਿਨੋਦਾ (ਗਾਉਣ ਆਇਆ) ਹੈ।੭ ਬਸੰਤ, ੮ ਕਮੋਦ (ਸੁਰਾਂ ਦੇ) ਰਸ ਸਹਿਤ ਗਾਉਂਦੇ ਹਨ। (ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਹਿੰਡੋਲ ਦੇ) ਅੱਠ ਪੁਤ੍ਰ ਮੈਂ ਸਵਾਰ ਕੇ (ਚੰਗੀ ਤਰ੍ਹਾਂ) ਬਿਆਨ ਕੀਤੇ ਹਨ।ਫਿਰ ਅੱਗੇ ਦੀਪਕ (ਰਾਗ) ਦੀ ਬਾਰੀ ਆਈ ਹੈ।੧।

ਪਦਾਰਥ = ਸੁਹਾਈ-ਸੁਭਾਇਮਾਨ ਹੋਈ ਹੈ।ਸਰਸ-ਸ੍ਰੇਸਟ।ਲੈ-ਲੈਂਦੇ ਹਨ।ਭਾਰਜਾ-ਇਸਤ੍ਰੀ (ਰਾਗਣੀ)।ਲੈ-ਲੈਂਦੇ ਹਨ।ਸੰਗਿ-ਨਾਲ।ਆਰਜਾ-ਸ੍ਰੇਸਟ ਇਸਤ੍ਰੀਆਂ; ਸ਼ੁੱਭ ਰਾਗਣੀਆਂ।ਸੁਹਾਏ-ਸੋਭਦੇ ਹਨ।ਅਉ-ਅਤੇ।ਆਹਿ-ਹੈ।ਸਰਸ-ਰਸ ਸਹਿਤ।ਕਹੇ-ਕਹੇ (ਬਿਆਨ ਕੀਤੇ) ਹਨ।ਸਵਾਰੀ-ਸੁਆਰ ਕੇ; ਚੰਗੀ ਤਰ੍ਹਾਂ।ਪੁਨਿ-ਪੁਨਾ; ਫਿਰ; ਅੱਗੇ।੧।

ਕਛੇਲੀ ਪਟਮੰਜਰੀ, ਟੋਡੀ ਕਹੀ ਅਲਾਪਿ ॥ ਕਾਮੋਦੀ ਅਉ ਗੂਜਰੀ, ਸੰਗਿ ਦੀਪਕ ਕੇ ਥਾਪਿ ॥੧॥ (ਰਾਗ ਦੀਪਕ ਦੀਆਂ ਰਾਗਣੀਆਂ ਦੇ ਨਾਮਃ-) ਪਹਿਲੀ ਦਾ ਨਾਂ ਕਛੇਲੀ, ਦੂਜੀ ਪਟਮੰਜਰੀ ਅਤੇ ਤੀਜੀ ਟੋਡੀ (ਆਪ ਦਾ ਜਸ) ਅਲਾਪ ਕਰਕੇ ਕਹਿ ਰਹੀਆਂ (ਗਾਉਂਦੀਆਂ) ਹਨ। ਚੌਥੀ ਕਾਮੋਦੀ ਅਤੇ ਪੰਜਵੀਂ ਗੂਜਰੀ, ਦੀਪਕ ਦੇ ਨਾਲ ਸਥਾਪਨ ਹੋਈਆਂ (ਮਿਲ ਕੇ ਆਈਆਂ) ਹਨ।

ਪਦਾਰਥ = ਅਲਾਪਿ-ਅਲਾਪ (ਗਾ) ਕੇ। ਅਉ-ਅਤੇ। ਸੰਗਿ-ਨਾਲ। ਕੇ-ਦੇ। ਥਾਪਿ-ਸਥਾਪਨ ਹੋਈਆਂ ਹਨ।੧।

ਕਾਲੰਕਾ ਕੁੰਤਲ ਅਉ ਰਾਮਾ ॥ ਕਮਲਕੁਸਮ ਚੰਪਕ ਕੇ ਨਾਮਾ ॥ ਗਉਰਾ ਅਉ ਕਾਨਰਾ ਕਲ੍ਯਾਨਾ ॥ ਅਸਟ ਪੁਤ੍ਰ ਦੀਪਕ ਕੇ ਜਾਨਾ ॥੧॥ (ਦੀਪਕ ਦੇ ਅੱਠ ਪੁਤ੍ਰਃ-) ੧ ਕਾਲੰਕਾ, ੨ ਕੁੰਤਲ ਅਤੇ ੩ ਰਾਮਾ ਹੈ। ੪ ਕਮਲਕੁਸਮ, ੫ ਚੰਪਕ (ਇਨ੍ਹਾਂ) ਦੇ ਨਾਮ ਹਨ। ੬ ਗੌੜਾ, ਤੇ ੭ ਕਾਨੜਾ, ੮ ਕਲਿਆਨ ਹੈ। (ਆਪ ਦਾ ਜਸ ਕਰਨ ਵਾਲੇ ਇਹ) ਅੱਠ ਪੁਤ੍ਰ ਦੀਪਕ ਰਾਗ ਦੇ ਜਾਣੇ (ਗਏ) ਹਨ।

ਪਦਾਰਥ = ਅਉ-ਅਤੇ। ਨਾਮਾ-ਨਾਮ ਹਨ। ਅਸਟ ਪੁਤ੍ਰ-ਅੱਠ ਪੁਤ੍ਰ। ਕੇ ਜਾਨਾ-ਦੇ ਜਾਣੇ ਗਏ ਹਨ।੧।

ਸਭ ਮਿਲਿ ਸਿਰੀ ਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ਬੈਰਾਰੀ ਕਰਨਾਟੀ ਧਰੀ ॥ ਗਵਰੀ ਗਾਵਹਿ ਆਸਾਵਰੀ ॥ ਤਿਹ ਪਾਛੈ ਸਿੰਧਵੀ ਅਲਾਪੀ ॥ ਸਿਰੀ ਰਾਗ ਸਿਉ ਪਾਂਚਉ ਥਾਪੀ ॥੧॥ ਸਿਰੀ ਰਾਗ (ਜੋ ਹੈ) ਉਹ ਸਾਰੇ (ਪ੍ਰਵਾਰ ਨਾਲ) ਮਿਲ ਕੇ (ਗੁਰੂ ਜੀ ਦਾ ਜਸ) ਗਾਉਂਦਾ ਹੈ। (ਅਪਣੇ) ਨਾਲ ਪੰਜ ਸ੍ਰੇਸਟ ਰਾਗਣੀਆਂ ਨੂੰ ਵੀ (ਗਾਉਣ) ਲਗਾਉਂਦਾ ਹੈ। (ਅੱਗੇ ਸਿਰੀ ਰਾਗ ਦੀਆਂ ਰਾਗਣੀਆਂ ਦੇ ਨਾਂ ਹਨ, ਸ੍ਰੀ ਰਾਗ ਨੇ) ਪਹਿਲੀ ਬੈਰਾਰੀ, ਦੂਜੀ ਕਰਨਾਟੀ ਧਾਰਨ ਕੀਤੀ ਹੈ। ਤੀਜੀ ਗਉੜੀ ਤੇ ਚੌਥੀ ਆਸਾਵਰੀ (ਜਸ) ਗਾਉਂਦੀ ਹੈ। ਉਸ ਤੋਂ ਪਿਛੋਂ ਪੰਜਵੀਂ ਸਿੰਧਵੀ ਅਲਾਪ ਕਰਦੀ ਹੈ। (ਇਹ) ਪੰਜੇ ਰਾਗਣੀਆਂ ਸਿਰੀ ਰਾਗ ਨਾਲ ਸਥਾਪਨ (ਲੱਗੀਆਂ ਹੋਈਆਂ) ਹਨ।੧।

ਪਦਾਰਥ = ਵੈ-ਉਹ। ਪਾਂਚਉ-ਪੰਜ। ਬਰੰਗਨ-ਸ੍ਰੇਸਟ ਰਾਗਣੀਆਂ। ਲਾਵਹਿ-ਲਗਾਉਂਦਾ ਹੈ। ਧਰੀ-ਧਾਰਨ ਕੀਤੀਆਂ (ਅਪਣਾਈਆਂ) ਹਨ। ਤਿਹ ਪਾਛੈ-ਉਸ ਤੋਂ ਪਿਛੋਂ। ਅਲਾਪੀ-ਅਲਾਪ ਕਰਦੀ ਹੈ। ਸਿਉ-ਨਾਲ। ਥਾਪੀ-ਸਥਾਪਨ ਹੋਈਆਂ ਹਨ।

ਸਾਲੂ ਸਾਰਗ ਸਾਗਰਾ, ਅਉਰ ਗੋਂਡ ਗੰਭੀਰ ॥ ਅਸਟ ਪੁਤ੍ਰ ਸ੍ਰੀ ਰਾਗ ਕੇ, ਗੁੰਡ ਕੁੰਭ ਹਮੀਰ ॥੧॥ (ਸਿਰੀ ਰਾਗ ਦੇ ਪੁਤ੍ਰਃ-) ੧ ਸਾਲੂ, ੨ ਸਾਰਗ, ੩ ਸਾਗਰ ਅਤੇ ੪ ਗੋਂਡ, ੫ ਗੰਭੀਰ ਹੈ। ੬ ਗੁੰਡ, ੭ ਕੁੰਭ ਅਤੇ ੮ ਹਮੀਰ (ਇਹ) ਅੱਠ ਪੁਤ੍ਰ ਸ਼੍ਰੀ ਰਾਗ ਦੇ ਹਨ (ਰਾਗ ਸਿਰੀਰਾਗ ਅਪਣੇ ਪ੍ਰਵਾਰ ਸਹਿਤ ਨਿਰੰਕਾਰ ਸਰੂਪ ਗੁਰੂ ਦਾ ਜਸ ਕਰਦਾ ਹੈ)।੧।

ਖਸਟਮ ਮੇਘ ਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ਸੋਰਠਿ ਗੋਂਡ ਮਲਾਰੀ ਧੁਨੀ ॥ ਪੁਨਿ ਗਾਵਹਿ ਆਸਾ ਗੁਨ ਗੁਨੀ ॥ ਊਚੈ ਸੁਰਿ ਸੂਹਉ ਪੁਨਿ ਕੀਨੀ ॥ ਮੇਘ ਰਾਗ ਸਿਉ ਪਾਂਚਉ ਚੀਨੀ ॥੧॥ (ਛੇਵਾਂ) ਮੇਘ ਰਾਗ ਹੈ, ਉਹ (ਵੀ ਤੁਹਾਡਾ ਜਸ) ਗਾ ਰਿਹਾ ਹੈ। (ਅਪਣੇ) ਨਾਲ ਪੰਜ ਸ੍ਰੇਸਟ ਰਾਗਣੀਆਂ ਨੂੰ (ਗਾਉਣ) ਲਾਉਂਦਾ ਹੈ। (ਮੇਘ ਦੀਆਂ ਰਾਗਣੀਆਂਃ-) ਪਹਿਲੀ ਸੋਰਠ, ਦੂਜੀ ਗੋਂਡ ਤੇ ਤੀਜੀ ਮਲਾਰੀ (ਇਹ ਮਿੱਠੀ) ਸੁਰ ਨਾਲ (ਗਾਉਂਦੀਆਂ ਹਨ)। ਫਿਰ ਚੌਥੀ ਗੁਣਾਂ ਵਾਲੀ ਆਸਾ (ਆਪ ਜੀ ਦੇ) ਗੁਣ ਗਾਉਂਦੀ ਹੈ। ਪੁਨਾ ਪੰਜਵੀਂ ਸੂਹੀ ਉਚੀ ਸੁਰ ਨਾਲ (ਜਸ) ਕਰਦੀ ਹੈ। (ਇਹ) ਪੰਜ ਰਾਗਣੀਆਂ ਮੇਘ ਰਾਗ ਨਾਲ ਜਾਣੀਆਂ (ਗਈਆਂ) ਹਨ (ਗੋਂਡ ਮੇਘ ਰਾਗ ਦੀ ਰਾਗਣੀ ਦਾ ਨਾਮ ਵੀ ਹੈ ਤੇ ਸਿਰੀ ਰਾਗ ਦੇ ਪੁਤ੍ਰ ਦਾ ਨਾਮ ਵੀ ਹੈ)।੧।

ਪਦਾਰਥ = ਖਸਟਮ-ਛੇਵਾਂ। ਵੈ-ਉਹ। ਗਾਵਹਿ-ਗਾਉਂਦਾ ਹੈ। ਪਾਂਚਉ-ਪੰਜ। ਸੰਗਿ ਬਰੰਗਨ-ਨਾਲ ਸ੍ਰੇਸਟ ਇਸਤ੍ਰੀਆਂ (ਰਾਗਣੀਆਂ)। ਲਾਵਹਿ-ਲਾਉਂਦਾ ਹੈ। ਧੁਨੀ-ਸੁਰ; ਅਵਾਜ। ਪੁਨਿ-ਫਿਰ। ਗੁਨ-ਗੁਣ। ਗੁਨੀ-ਗੁਣਾਂ ਵਾਲੀ। ਊਚੈ ਸੁਰਿ-ਉਚੀ ਸੁਰ ਨਾਲ। ਸੂਹਉ-ਸੂਹੀ। ਕੀਨੀ-ਕਰਦੀ ਹੈ। ਸਿਉ-ਨਾਲ। ਚੀਨੀ-ਜਾਣੀ ਹੈ।੧।

ਬੈਰਾਧਰ ਗਜਧਰ ਕੇਦਾਰਾ ॥ ਜਬਲੀਧਰ ਨਟ ਅਉ ਜਲਧਾਰਾ ॥ ਪੁਨਿ ਗਾਵਹਿ ਸੰਕਰ ਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ (ਅੱਗੇ ਮੇਘ ਰਾਗ ਦੇ ਪੁਤ੍ਰਾਂ ਦੇ ਨਾਂ ਦੱਸੇ ਹਨ) ੧ ਬੈਰਾਧਰ, ੨ ਗਜਧਰ, ੩ ਕੇਦਾਰਾ ਹੈ। ੪ ਜਬਲੀਧਰ, ੫ ਨਟ, ਅਤੇ ੬ ਜਲਧਾਰਾ ਹੈ। ਪੁਨਾ ੭ ਸ਼ੰਕਰ ਅਤੇ ੮ ਸਿਆਮਾ (ਇਹ ਸਾਰੇ ਜਸ) ਗਾਉਂਦੇ ਹਨ। (ਇਹ) ਮੇਘ ਰਾਗ ਦੇ ਪੁਤ੍ਰਾਂ ਦੇ ਨਾਮ ਹਨ (ਜੋ ਗੁਰੂ ਜੀ ਦਾ ਜਸ ਗਾਉਂਦੇ ਹਨ)।

ਪਦਾਰਥ = ਅਉ-ਅਤੇ। ਪੁਨਿ-ਫਿਰ। ਪੁਤ੍ਰਨ ਕੇ-ਪੁਤ੍ਰਾਂ ਦੇ। ਨਾਮਾ-ਨਾਮ ਹਨ।੧।

ਖਸਟ ਰਾਗ ਉਨਿ ਗਾਏ, ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗੰਨ ਕੇ, ਅਠਾਰਹ ਦਸ ਬੀਸ ॥੧॥੧॥ ਉਨ੍ਹਾਂ ਛੇ ਰਾਗਾਂ ਨੇ ਤੀਹ ਰਾਗਣੀਆਂ ਨਾਲ ਮਿਲ ਕੇ (ਆਪ ਜੀ ਦਾ ਜਸ) ਗਾਇਆ ਹੈ। ਰਾਗਾਂ ਦੇ ਸਾਰੇ (ਅਠਾਰਾਂ + ਦਸ + ਬੀਸ =) ਅਠਤਾਲੀ ਪੁਤ੍ਰ ਹਨ।

ਪਦਾਰਥ = ਖਸਟ-ਛੇ। ਉਨਿ-ਉਨ੍ਹਾਂ ਨੇ। ਗਾਏ-ਗਾਇਆ ਹੈ। ਸੰਗਿ ਰਾਗਨੀ-ਰਾਗਣੀਆਂ ਦੇ ਨਾਲ ਮਿਲ ਕੇ। ਤੀਸ-ਤੀਹ। ਸਭੈ-ਸਾਰੇ। ਰਾਗੰਨ ਕੇ-ਰਾਗਾਂ ਦੇ। ਅਠਾਰਹ-ਅਠਾਰਾਂ। ਦਸ ਬੀਸ-ਦਸ ਤੇ ਬੀਹ।੧।

ਛੇ ਰਾਗ + ਤੀਹ ਰਾਗਣੀਆਂ + ਅਠਤਾਲੀ ਪੁਤ੍ਰ = ਕੁਲ ਜੋੜ = ਚੁਰਾਸੀ।

ਦੂਜਾ ਅਰਥ = ਰਾਗ ਏਕ ਸੰਗਿ ਪੰਚ ਬਰੰਗਨ ॥ ਸੰਗਿ ਅਲਾਪਹਿ ਆਠਉ ਨੰਦਨ ॥ ਪ੍ਰਥਮ ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥ ਪ੍ਰਥਮ ਭੈਰਵੀ ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥ ਪੁਨਿ ਅਸਲੇਖੀ ਕੀ ਭਈ ਬਾਰੀ ॥ ਏ ਭੈਰਉ ਕੀ ਪਾਂਚਉ ਨਾਰੀ ॥ ਪੰਚਮ ਹਰਖ ਦਿਸਾਖ ਸੁਨਾਵਹਿ ॥ ਬੰਗਾਲਮ ਮਧੁ ਮਾਧਵ ਗਾਵਹਿ ॥੧॥

ਅਰਥ = ਹਰ ਇਕ ਰਾਗ ਨਾਲ ਪੰਜ ਪੰਜ ਸ੍ਰੇਸਟ ਇਸਤ੍ਰੀਆਂ (ਰਾਗਣੀਆਂ) ਹਨ।(ਗਾਉਣ ਵਾਲੇ ਰਾਗੀ ਹਰੇਕ ਰਾਗ ਨਾਲ) ਅੱਠ ਅੱਠ ਪੁਤ੍ਰ ਅਲਾਪਦੇ (ਗਾਉਂਦੇ) ਹਨ।ਉਹ (ਰਾਗੀ) ਪਹਿਲਾਂ ਰਾਗ ਭੈਰੋਂ (ਗਾਇਨ) ਕਰਦੇ ਹਨ।(ਫਿਰ ਰਾਗੀ ਭੈਰੋਂ ਦੇ) ਨਾਲ ਪੰਜ ਰਾਗਣੀਆਂ ਉਚਾਰਦੇ ਹਨ।(ਅੱਗੇ ਭੈਰੋਂ ਦੀਆਂ ਰਾਗਣੀਆਂ ਦੇ ਨਾਮ ਹਨ) ਪਹਿਲੀ ਭੈਰਵੀ, ਦੂਜੀ ਬਿਲਾਵਲੀ, ਤੀਜੀ ਪੁੰਨਿਆਕੀ, ਚੌਥੀ ਬੰਗਲੀ ਗਾਉਂਦੇ ਹਨ।ਫਿਰ ਅਸਲੇਖੀ ਦੇ ਗਾਉਣ ਦੀ ਬਾਰੀ ਹੁੰਦੀ ਹੈ।ਇਹ ਭੈਰੋਂ ਰਾਗ ਦੀਆਂ ਪੰਜ ਰਾਗਣੀਆਂ ਹਨ।(ਅੱਗੇ ਭੈਰੋਂ ਦੇ ਪੁਤ੍ਰਾਂ ਦੇ ਨਾਮ) ਪੰਚਮ, ਹਰਖ, ਦਿਸਾਖ (ਰਾਗੀ ਗਾ ਕੇ) ਸੁਨਾਉਂਦੇ ਹਨ।ਬੰਗਾਲਮ, ਮਧੁ, ਮਾਧਵ ਨੂੰ ਗਾਉਂਦੇ ਹਨ।

ਲਲਤ ਬਿਲਾਵਲ ਗਾਵਹੀ, ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ, ਗਾਵਹਿ ਗਾਇਨ ਪਾਤ੍ਰ ॥

ਅਰਥ = (ਗੁਨੀ ਜਨ) ਲਲਿਤ, ਬਿਲਾਵਲ, ਨੂੰ ਅਪਣੇ ਅਪਣੇ ਢੰਗ ਨਾਲ ਗਾਉਂਦੇ ਹਨ।(ਸੋ ਸਿਆਣੇ ਰਾਗੀ ਜੋ) ਗਾਉਣ ਦੇ ਅਧਿਕਾਰੀ ਹਨ, ਉਹ ਭੈਰੋਂ ਰਾਗ ਦੇ ਅੱਠ ਪੁਤ੍ਰਾਂ ਨੂੰ ਗਾਉਂਦੇ ਹਨ (ਜੋ ਭੈਰੋਂ ਰਾਗ ਗਾਉਣ ਵਿਚ ਨਿਪੁੰਨ ਹਨ, ਉਹ ਗਾਉਂਦੇ ਹਨ; ਭੈਰੋਂ ਰਾਗ ਦੇ ਜਾਣਕਾਰ ਰਾਗੀ ਭੈਰੋਂ ਦੇ ਅੱਠ ਪੁਤ੍ਰ ਦਸਦੇ ਹਨ))।੧

ਦੁਤੀਆ ਮਾਲ ਕਉਸਕ ਆਲਾਪਹਿ ॥ ਸੰਗਿ ਰਾਗਨੀ ਪਾਂਚਉ ਥਾਪਹਿ ॥ ਗੋਂਡਕਰੀ ਅਰੁ ਦੇਵਗੰਧਾਰੀ ॥ ਗੰਧਾਰੀ ਸੀਹੁਤੀ ਉਚਾਰੀ ॥ ਧਨਾਸਰੀ ਏ ਪਾਚਉ ਗਾਈ ॥ ਮਾਲ ਰਾਗ ਕਉਸਕ ਸੰਗਿ ਲਾਈ ॥ ਮਾਰੂ ਮਸਤਅੰਗ ਮੇਵਾਰਾ ॥ਪ੍ਰਬਲ ਚੰਡ ਕਉਸਕ ਉਭਾਰਾ ॥ ਖਉਖਟ ਅਉ ਭਉਰਾਨਦ ਗਾਏ ॥ ਅਸਟ ਮਾਲ ਕਉਸਕ ਸੰਗਿ ਲਾਏ ॥

ਅਰਥ = (ਰਾਗੀ ਜਨ) ਦੂਜਾ ਰਾਗ ਮਾਲਕੌਂਸ ਗਾਉਂਦੇ ਹਨ।(ਇਸ ਰਾਗ) ਨਾਲ ਪੰਜ ਰਾਗਣੀਆਂ ਨੂੰ ਥਾਪਦੇ (ਲਾਉਂਦੇ) ਹਨ।(ਰਾਗ ਮਾਲਕੌਂਸ ਦੀਆਂ ਰਾਗਣੀਆਂ ਦੇ ਨਾਮ) ਪਹਿਲੀ ਗੋਂਡਕਰੀ ਅਤੇ ਦੂਜੀ ਦੇਵਗੰਧਾਰੀ।ਤੀਜੀ ਗੰਧਾਰੀ, ਚੌਥੀ (ਰਾਗੀਆਂ ਨੇ) ਸੀਹੁਤੀ ਉਚਾਰੀ (ਗਾਈ) ਹੈ।ਪੰਜਵੀ ਏਹ ਧਨਾਸਰੀ ਗਾਈ ਹੈ।ਮਾਲਕੌਂਸ ਰਾਗ ਨਾਲ (ਪੰਜ ਰਾਗਣੀਆਂ) ਲਾਈਆਂ ਹਨ।(ਹੁਣ ਮਾਲਕੌਂਸ ਦੇ ਪੁਤ੍ਰਾਂ ਦੇ ਨਾਮ) ਮਾਰੂ, ਮਸਤਅੰਗ, ਮੇਵਾਰਾ, ਪ੍ਰਬਲ, ਚੰਡਕੌਂਸ, ਉਭਾਰਾ, ਖੌਖਟ, ਅਤੇ ਭੌਰਾਨਦ ਗਾਏ ਹਨ (ਕਈਆਂ ਨੇ ਮਸਤ ਤੇ ਅੰਗਮੇਵਾਰਾ, ਇਸੇ ਤਰ੍ਹਾਂ ਪ੍ਰਬਲਚੰਡ ਅਤੇ ਕਉਸਕ ਨਾਮ ਗਿਣੇ ਹਨ)।ਅੱਠ ਪੁਤ੍ਰ ਰਾਗ ਮਾਲਕੌਂਸ ਨਾਲ ਲਗਾਏ ਹਨ।੧।

ਪੁਨਿ ਆਇਅਉ ਹਿੰਡੋਲੁ, ਪੰਚ ਨਾਰਿ ਸੰਗਿ ਅਸਟ ਸੁਤ ॥ ਉਠਹਿ ਤਾਨ ਕਲੋਲ, ਗਾਇਨ ਤਾਰ ਮਿਲਾਵਹੀ ॥੧॥ ਤੇਲੰਗੀ ਦੇਵਕਰੀ ਆਈ ॥ ਬਸੰਤੀ ਸੰਦੂਰ ਸੁਹਾਈ ॥ ਸਰਸ ਅਹੀਰੀ ਲੈ ਭਾਰਜਾ ॥ ਸੰਗਿ ਲਾਈ ਪਾਂਚਉ ਆਰਜਾ ॥ ਸੁਰਮਾਨੰਦ ਭਾਸਕਰ ਆਏ ॥ ਚੰਦ੍ਰਬਿੰਬ ਮੰਗਲਨ ਸੁਹਾਏ ॥ ਸਰਸਬਾਨ ਅਉ ਆਹਿ ਬਿਨੋਦਾ ॥ ਗਾਵਹਿ ਸਰਸ ਬਸੰਤ ਕਮੋਦਾ ॥ ਅਸਟ ਪੁਤ੍ਰ ਮੈ ਕਹੇ ਸਵਾਰੀ ॥ ਪੁਨਿ ਆਈ ਦੀਪਕ ਕੀ ਬਾਰੀ ॥

ਅਰਥ = ਫਿਰ (ਤੀਜਾ ਰਾਗ) ਹਿੰਡੋਲ ਆਇਆ ਹੈ, (ਇਸ ਦੇ ਨਾਲ) ਪੰਜ ਰਾਗਣੀਆਂ ਅਤੇ ਅੱਠ ਪੁਤ੍ਰ ਹਨ।(ਜਦ ਰਾਗੀ ਸੁਰ) ਤਾਰ ਮਿਲਾ ਕੇ ਗਾਉਂਦੇ ਹਨ ਤਾਂ (ਇਸ ਰਾਗ ਦੇ ਸਾਗਰ ਵਿਚੋਂ) ਤਾਨਾਂ ਦੀਆਂ ਲਹਿਰਾਂ ਉਠਦੀਆਂ ਹਨ।੧।(ਹਿੰਡੋਲ ਦੀਆਂ ਰਾਗਣੀਆਂ)ਃ- ਪਹਿਲੀ ਤੇਲੰਗੀ, ਦੂਜੀ ਦੇਵਕਰੀ ਆਈ ਹੈ।ਤੀਜੀ ਬਸੰਤੀ ਤੇ ਚੌਥੀ ਸੰਦੂਰ ਸੋਭਨੀਕ ਹੋਈ ਹੈ।ਪੰਜਵੀ ਸ੍ਰੇਸਟ ਇਸਤ੍ਰੀ ਦਾ ਨਾਮ ਅਹੀਰੀ ਲੈਂਦੇ ਹਨ।(ਰਾਗੀ ਜਨਾਂ ਨੇ ਹਿੰਡੋਲ) ਨਾਲ ਪੰਜ ਰਾਗਣੀਆਂ ਲਾਈਆਂ ਹਨ।(ਹੁਣ ਹਿੰਡੋਲ ਦੇ ਪੁਤ੍ਰਾਂ ਦੇ ਨਾਮ)ਃ- ਸੁਰਮਾਨੰਦ, ਭਾਸਕਰ (ਰਾਗੀ ਸੱਜਣਾਂ ਦੇ ਖਿਆਲ ਵਿਚ) ਆਏ ਹਨ।ਚੰਦ੍ਰਬਿੰਬ, ਮੰਗਲਮ, ਸੋਭਾ ਪਾ ਰਹੇ ਹਨ।ਸਰਸਬਾਨ ਅਤੇ ਬਿਨੋਦਾ ਆਏ।ਰਸ ਸਹਿਤ (ਅਨੰਦ ਦੇਣ ਵਾਲੀਆਂ ਸੁਰਾਂ ਨਾਲ ਜਾਂ ਸ੍ਰੇਸਟ) ਬਸੰਤ ਤੇ ਕਮੋਦ ਨੂੰ ਗਾਉਂਦੇ ਹਨ।(ਹਿੰਡੋਲ ਦੇ) ਅੱਠ ਪੁਤ੍ਰ ਮੈਂ ਬਣਾ (ਸੁਰਾਂ ਵਿਚ ਸੁਆਰ) ਕੇ ਕਹੇ ਹਨ।ਇਸ ਤੋਂ ਬਾਦ ਦੀਪਕ ਰਾਗ ਅਤੇ ਉਸਦੇ ਪ੍ਰਵਾਰ ਦੀ ਬਾਰੀ ਆਈ ਹੈ।੧।

ਕਛੇਲੀ ਪਟਮੰਜਰੀ, ਟੋਡੀ ਕਹੀ ਅਲਾਪਿ ॥ ਕਾਮੋਦੀ ਅਉ ਗੂਜਰੀ, ਸੰਗਿ ਦੀਪਕ ਕੇ ਥਾਪਿ ॥੧॥ ਕਾਲੰਕਾ ਕੁੰਤਲ ਅਉ ਰਾਮਾ ॥ਕਮਲਕੁਸਮ ਚੰਪਕ ਕੇ ਨਾਮਾ ॥ਗਉਰਾ ਅਉ ਕਾਨਰਾ ਕਲ੍ਯਾਨਾ ॥ ਅਸਟ ਪੁਤ੍ਰ ਦੀਪਕ ਕੇ ਜਾਨਾ ॥

ਅਰਥ = (ਰਾਗ ਦੀਪਕ ਦੀਆਂ ਰਾਗਣੀਆਂ)ਃ- ਪਹਿਲੀ ਕਛੇਲੀ, ਦੂਜੀ ਪਟਮੰਜਰੀ, ਤੀਜੀ ਟੋਡੀ ਅਲਾਪ ਕਰ ਕੇ ਕਹੀ ਹੈ।ਚੌਥੀ

ਕਾਮੋਦੀ ਤੇ ਪੰਜਵੀਂ ਗੁਜਰੀ (ਰਾਗਣੀਆਂ) ਦੀਪਕ ਰਾਗ ਨਾਲ ਸਥਾਪਨ ਕੀਤੀਆਂ ਹਨ।੧।(ਅੱਗੇ ਪੁਤ੍ਰਾਂ ਦੇ ਨਾਮ)ঃ– ਕਾਲੰਕਾ, ਕੁੰਤਲ ਤੇ ਰਾਮਾ।ਕਮਲਕੁਸਮ ਤੇ ਚੰਪਕ ਦੇ ਨਾਮ (ਕਹੇ) ਹਨ।ਗੌੜਾ, ਕਾਨੜਾ ਅਤੇ ਕਲਿਆਨ (ਇਹ ਸਾਰੇ) ਅੱਠ ਪੁਤ੍ਰ ਦੀਪਕ ਦੇ ਜਾਣੇ ਜਾਂਦੇ ਹਨ।

ਸਭ ਮਿਲਿ ਸਿਰੀ ਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ਬੈਰਾਰੀ ਕਰਨਾਟੀ ਧਰੀ ॥ ਗਵਰੀ ਗਾਵਹਿ ਆਸਾਵਰੀ ॥ ਤਿਹ ਪਾਛੈ ਸਿੰਧਵੀ ਅਲਾਪੀ ॥ ਸਿਰੀ ਰਾਗ ਸਿਉ ਪਾਂਚਉ ਥਾਪੀ ॥੧॥ ਸਾਲੂ ਸਾਰਗ ਸਾਗਰਾ, ਅਉਰ ਗੋਂਡ ਗੰਭੀਰ ॥ ਅਸਟ ਪੁਤ੍ਰ ਸ੍ਰੀ ਰਾਗ ਕੇ, ਗੁੰਡ ਕੁੰਭ ਹਮੀਰ ॥੧॥

ਅਰਥ = ਉਹ ਸਾਰੇ (ਰਾਗੀ) ਮਿਲ ਕੇ ਸਿਰੀ ਰਾਗ ਗਾਉਂਦੇ ਹਨ।ਨਾਲ ਪੰਜ ਸ੍ਰੇਸਟ ਰਾਗਣੀਆਂ ਲਾਉਂਦੇ ਹਨ।(ਰਾਗਣੀਆਂ ਦੇ ਨਾਮ)ঃ– ਪਹਿਲੀ ਬੈਰਾੜੀ, ਦੂਜੀ ਦਾ ਕਰਨਾਟੀ (ਨਾਮ) ਰੱਖਿਆ ਹੈ।ਤੀਜੀ ਗਉੜੀ ਤੇ ਚੌਥੀ ਆਸਾਵਰੀ ਗਾਉਂਦੇ ਹਨ।ਉਸ ਦੇ ਪਿਛੋਂ (ਰਾਗੀ ਪੰਜਵੀਂ) ਸਿੰਧਵੀ ਨੂੰ ਅਲਾਪਦੇ ਹਨ।ਸਿਰੀ ਰਾਗ ਨਾਲ ਪੰਜ ਰਾਗਣੀਆਂ ਸਥਾਪਨ ਕੀਤੀਆਂ ਹਨ।੧।(ਅੱਗੇ ਸਿਰੀ ਰਾਗ ਦੇ ਪੁਤ੍ਰਾਂ ਦੇ ਨਾਮ)ঃ– ਸਾਲੂ, ਸਾਰਗ, ਸਾਗਰਾ ਅਤੇ ਗੌਂਡ, ਗੰਭੀਰ ਹਨ।ਗੁੰਡ, ਕੁੰਭ ਤੇ ਹਮੀਰ, (ਇਹ) ਸਿਰੀ ਰਾਗ ਦੇ ਅੱਠ ਪੁਤ੍ਰ ਹਨ।੧।

ਖਸਟਮ ਮੇਘ ਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ਸੋਰਠਿ ਗੋਂਡ ਮਲਾਰੀ ਧੁਨੀ ॥ ਪੁਨਿ ਗਾਵਹਿ ਆਸਾ ਗੁਨ ਗੁਨੀ ॥ ਊਚੈ ਸੁਰਿ ਸੂਹਉ ਪੁਨਿ ਕੀਨੀ ॥ ਮੇਘ ਰਾਗ ਸਿਉ ਪਾਚਉ ਚੀਨੀ ॥੧॥ ਬੈਰਾਧਰ ਗਜਧਰ ਕੇਦਾਰਾ ॥ ਜਬਲੀਧਰ ਨਟ ਅਉ ਜਲਧਾਰਾ ॥ ਪੁਨਿ ਗਾਵਹਿ ਸੰਕਰ ਅਉ ਸਿਆਮਾ ॥ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥

ਅਰਥ = ਉਹ (ਰਾਗੀ) ਛੇਵਾਂ ਮੇਘ ਰਾਗ ਗਾਉਂਦੇ ਹਨ।(ਇਸ) ਨਾਲ ਪੰਜ ਸ੍ਰੇਸਟ ਰਾਗਣੀਆਂ ਲਾਉਂਦੇ ਹਨ।(ਰਾਗਣੀਆਂ ਦੇ ਨਾਮ)ঃ– ਸੋਰਠ, ਗੋਂਡ ਤੇ ਮਲਾਰੀ ਦੀ ਧੁਨੀ (ਸੁਰ ਲਾਉਂਦੇ ਹਨ)।ਫਿਰ ਗੁਣਵਾਨ (ਰਾਗੀ) ਆਸਾ ਨੂੰ ਵਿਚਾਰ ਨਾਲ ਗਾਉਂਦੇ ਹਨ। (ਫਿਰ) ਉਚੀ ਸੁਰ ਵਿਚ ਸੂਹੀ ਗਾਇਨ ਕੀਤੀ।(ਇਹ ਪੰਜ ਰਾਗਣੀਆਂ) ਮੇਘ ਰਾਗ ਨਾਲ ਜਾਣੀਆਂ ਹਨ।(ਮੇਘ ਦੇ ਪੁਤ੍ਰ)ঃ– ਬੈਰਾਧਰ, ਗਜਧਰ, ਕੇਦਾਰਾ।ਜਬਲੀਧਰ, ਨਟ ਅਤੇ ਜਲਧਾਰਾ।ਫਿਰ (ਰਾਗੀ) ਸੰਕਰ ਅਤੇ ਸਿਆਮਾ ਨੂੰ ਗਾਉਂਦੇ ਹਨ।ਮੇਘ ਰਾਗ ਦੇ ਪੁਤ੍ਰਾਂ ਦੇ (ਇਹ) ਨਾਮ ਹਨ।੧।

ਖਸਟ ਰਾਗ ਉਨਿ ਗਾਏ, ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗੰਨ ਕੇ, ਅਠਾਰਹ ਦਸ ਬੀਸ ॥

ਅਰਥ = ਉਨ੍ਹਾਂ (ਗਾਉਣ ਵਾਲੇ ਰਾਗੀਆਂ ਨੇ) ਤੀਹ ਰਾਗਣੀਆਂ ਨਾਲ (ਲਾ ਕੇ) ਛੇ ਰਾਗ ਗਾਏ ਹਨ।ਰਾਗਾਂ ਦੇ ਸਾਰੇ ਪੁਤ੍ਰ ਅਠਾਰਾਂ, ਦਸ ਅਤੇ ਬੀਹ ਭਾਵ ਅਠਤਾਲੀ ਹਨ।੧।(ਕੁਲ ਜੋੜ ਉਪਰ ਦਸਿਆ ਜਾ ਚੁੱਕਾ ਹੈ)।

॥ ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਰਾਗ ਮਾਲਾ ਬਾਰੇ ਵਿਚਾਰ = ਰਾਗਮਾਲਾ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੪੨੯ ਅੰਗ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ'... ਤੋਂ ਬਾਦ ਸ਼ੁਰੂ ਹੋ ਕੇ ੧੪੩੦ ਅੰਗ ਤੇ ਸੰਪੂਰਨ ਹੁੰਦੀ ਹੈ।ਰਾਗ ਦਾ ਗੁਰੂ ਗ੍ਰੰਥ ਸਾਹਿਬ ਨਾਲ ਗੂੜ੍ਹਾ ਸਬੰਧ ਹੈ, ਗੁਰੂ ਸਾਹਿਬਾਨਾਂ ਨੇ ਬਾਣੀ ਰਾਗਾਂ ਵਿਚ ਰਚੀ ਹੈ।ਗੁਰ ਸ਼ਬਦ ਅਤੇ ਰਾਗ ਦਾ ਸੁਮੇਲ ਸਿੱਖ ਦੀ ਸੁਰਤ ਨੂੰ ਰੱਬੀ ਮੰਡਲ ਵਿਚ ਲੈ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਦਰ ਤੇ ਆ ਕੇ ਭਾਈ ਮਰਦਾਨੇ ਨੇ ਇਕ ਦਿਨ ਰਬਾਬ ਵਜਾਈ।ਮਰਦਾਨੇ ਦੀ ਅਵਾਜ ਬੜੀ ਸੁਰੀਲੀ ਸੀ, ਉਹ ਕੋਈ ਲੋਕ ਪ੍ਰਸਿਧ ਵਾਰ ਗਾ ਰਿਹਾ ਸੀ।ਮਰਦਾਨੇ ਨੂੰ ਅਪਣਾ ਸਾਥੀ ਬਣਾ ਕੇ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਲੋਕਾਂ ਨੂੰ ਅਪਣਾ ਸਾਰਾ ਉਪਦੇਸ਼ ਰਾਗਾਂ ਵਿਚ ਗਾ ਕੇ ਦਿਤਾ।ਗਾ ਕੇ ਸੁਣਾਇਆ ਉਪਦੇਸ਼ ਸ੍ਰੋਤੇ ਦੇ ਮਨ ਉਤੇ ਵਧੇਰੇ ਅਸਰ ਪਾਉਂਦਾ ਹੈ {ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ, ਰਾਗ ਰਤਨ ਰਸਨਾ ਆਲਾਪ ੮੨੧}।ਗੁਰੂ ਨਾਨਕ ਦੇਵ ਜੀ ਦੀਆਂ ਨਜਰਾਂ ਵਿਚ ਤਾਂ ਸਾਰਾ ਬ੍ਰਹਿਮੰਡ ਕਰਤਾਰ ਦੀ ਸਿਫਤ ਗਾ ਕੇ ਕਰ ਰਿਹਾ ਹੈ।ਜਪੁ ਜੀ ਦੀ ੨੭ ਵੀਂ ਪੌੜੀ ਵਿਚ 'ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ' ਦਰਸਾਇਆ ਹੈ।ਪੌਣ, ਪਾਣੀ, ਅਗਨੀ, ਧਰਮਰਾਜ, ਚਿਤ੍ਰ ਗੁਪਤ, ਸ਼ਿਵ, ਇੰਦ੍ਰ, ਬ੍ਰਹਮਾ, ਦੇਵੀ ਦੇਵਤੇ ਆਦਿ ਕਿਤਨੇ ਹੀ ਵਾਹਿਗੁਰੂ ਦਾ ਜਸ ਗਾ ਰਹੇ ਹਨ।ਗੁਰੂ ਅਮਰਦਾਸ ਜੀ ਵੀ ਆਖ ਰਹੇ ਹਨ 'ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣਿ ਆਈਆ' (੯੧੭)।ਵਾਹਿਗੁਰੂ ਦੇ ਜਸ ਤੋਂ ਬਿਨਾ ਰਾਗ ਦੀ ਕੋਈ ਕੀਮਤ ਨਹੀ, ਗੁਰ ਵਾਕ ਹੈঃ–'ਰਾਗ ਨਾਦ ਛੋਡਿ ਹਰਿ ਸੇਵੀਐ

ਤਾ ਦਰਗਹ ਪਾਈਐ ਮਾਨੁ' (੮੪੮); ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ੧੦੦੩।ਕਈ ਰਾਗ ਤਾਂ ਮਨ ਵਿਚ ਚੰਚਲਤਾਈ ਪੈਦਾ ਕਰਦੇ ਹਨ, ਪਰ ਗੁਰੂ ਜੀ ਨੇ ਮਨ ਨੂੰ ਸ਼ਾਂਤੀ ਦੇਣ ਵਾਲੇ ਰਾਗਾਂ ਦੀ ਵਰਤੋਂ ਕੀਤੀ ਹੈ।ਰਿਸ਼ੀਆਂ ਮੁਨੀਆਂ ਨੇ ਅਪਣਾ ਸਾਰਾ ਉਪਦੇਸ਼ ਲੋਕਾਂ ਨੂੰ ਗਾ ਕੇ ਸੁਣਾਇਆ।ਇਸਲਾਮ ਵਿਚ ਆਜਾਨ (ਬਾਂਗ) ਇਕ ਵਿਸ਼ੇਸ਼ ਧੁਨੀ ਵਿਚ ਗਾ ਕੇ ਸੁਣਾਈ ਜਾਂਦੀ ਹੈ।ਸੰਗੀਤ ਪਸ਼ੂਆਂ ਪੰਛੀਆਂ ਨੂੰ ਵੀ ਚੰਗਾ ਲਗਦਾ ਹੈ, ਵਿਗਿਆਨੀ ਦਾ ਕਥਨ ਹੈ ਕਿ ਵੇਲ ਬੂਟਿਆਂ ਅਤੇ ਫਸਲਾਂ ਤੇ ਵੀ ਰਾਗ ਦਾ ਅਸਰ ਹੁੰਦਾ ਹੈ।ਸਾਰੇ ਗੁਰੂ ਸਾਹਿਬਾਨ ਆਪ ਖੁਦ ਰਾਗ ਵਿਦਿਆ ਦੇ ਧਨੀ ਸਨ, ਉਹ ਰਾਗਾਂ ਵਿਚ ਬਹੁਤ ਸੁੰਦਰ ਕੀਰਤਨ ਕਰਿਆ ਕਰਦੇ ਹੁੰਦੇ ਸਨ।ਗੁਰੂ ਦਸਮੇਸ਼ ਪਾਤਸ਼ਾਹ ਨੂੰ ਬਹੁਤੇ ਲੋਕ ਇਕ ਖਾੜਕੂ ਜਰਨੈਲ ਵਜੋਂ ਹੀ ਜਾਣਦੇ ਹਨ।ਜਿਥੇ ਗੁਰੂ ਗੋਬਿੰਦ ਸਿੰਘ ਜੀ ਇਕ ਨਿਪੁੰਨ ਜਰਨੈਲ ਅਤੇ ਮਹਾਨ ਲਿਖਾਰੀ ਸਨ, ਉਥੇ ਆਪ ਜੀ ਇਕ ਮਹਾਨ ਸੰਗੀਤ ਕਾਰ ਵੀ ਸਨ।ਆਪ ਜੀ ਬੜੇ ਵਿਸਮਾਦ ਵਿਚ ਆ ਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਹੁੰਦੇ ਹਨ।ਆਪ ਬੜੇ ਬੜੇ ਰਾਗੀਆਂ ਨੂੰ ਰਾਗਾਂ ਵਿਚ ਕੀਰਤਨ ਕਰਨਾ ਸਿਖਾਉਂਦੇ ਸਨ।ਰਾਗਾਂ ਵਿਚੋਂ ਮਧੁਰ ਅਤੇ ਸ਼੍ਰੋਮਣੀ ਸ਼੍ਰੀ ਰਾਗ ਮੰਨਿਆ ਜਾਂਦਾ ਹੈ, ਪਰ ਗੁਰੂ ਸਾਹਿਬਾਨ ਨੇ ਦੂਜੇ ਰਾਗਾਂ ਵਿਚ ਵੀ ਵਾਹਿਗੁਰੂ ਦੀ ਸਿਫਤ ਗਾਈ ਹੋਈ ਉਤਮ ਦਸੀ ਹੈ।ਕੁਛ ਰਾਗਾਂ ਦਾ ਜਿਕਰ ਗੁਰੂ ਜੀ ਨੇ ਉਚੇਚੇ ਤੌਰ ਤੇ ਕੀਤਾ ਹੈ, ਜਿਵੇਂ ਕਿ ਃ-

੧. ਸਲੋਕ ਮਃ ੩ ॥ ਰਾਗਾ ਵਿਚਿ ਸ੍ਰੀਰਾਗੁ ਹੈ, ਜੇ ਸਚਿ ਧਰੇ ਪਿਆਰੁ ੮੩.

੨. ਸਲੋਕ ਮਹਲਾ ੩ ॥ ਗਉੜੀ ਰਾਗਿ ਸੁਲਖਣੀ, ਜੇ ਖਸਮੈ ਚਿਤਿ ਕਰੇਇ ੩੧੧.

੩. ਸਲੋਕ ਮਃ ੩ ॥ ਗੂਜਰੀ ਜਾਤਿ ਗਵਾਰਿ, ਜਾ ਸਹੁ ਪਾਏ ਆਪਣਾ ੫੧੭.

੪. ਸਲੋਕ ਮਃ ੩ ॥ ਸਬਦਿ ਰਤੇ ਵਡਹੰਸ ਹੈ, ਸਚੁ ਨਾਮੁ ਉਰ ਧਾਰਿ ੫੮੫.

੫. ਸਲੋਕ ਮਃ ੧ ॥ ਸੋਰਠਿ ਸਦਾ ਸੁਹਾਵਣੀ, ਜੇ ਸਚਾ ਮਨਿ ਹੋਇ ॥ ਮਃ ੪ ਸੋਰਠਿ ਤਾਮਿ ਸੁਹਾਵਣੀ, ਜਾ ਹਰਿ ਨਾਮੁ ਢੰਢੋਲੇ ੬੪੨.

੬. ਧਨਾਸਰੀ ਧਨਵੰਤੀ ਜਾਣੀਐ ਭਾਈ, ਜਾਂ ਸਤਿਗੁਰ ਕੀ ਕਾਰ ਕਮਾਇ ੧੪੧੯.

੭. ਸਲੋਕ ਮਃ ੪ ॥ ਹਰਿ ਉਤਮੁ ਹਰਿ ਪ੍ਰਭੁ ਗਾਵਿਆ, ਕਰਿ ਨਾਦੁ ਬਿਲਾਵਲੁ ਰਾਗੁ ॥ ਮਃ ੩ ॥ ਬਿਲਾਵਲੁ ਤਬ ਹੀ ਕੀਜੀਐ, ਜਬ ਮੁਖਿ ਹੋਵੈ ਨਾਮੁ ॥ ਸਲੋਕ ਮਃ ੩ ॥ ਦੂਜੈ ਭਾਇ ਬਿਲਾਵਲੁ ਨ ਹੋਵਈ, ਮਨਮੁਖਿ ਥਾਇ ਨ ਪਾਇ ੮੪੯.

੮. ਮਃ ੩ ॥ ਰਾਮਕਲੀ ਰਾਮੁ ਮਨਿ ਵਸਿਆ, ਤਾ ਬਨਿਆ ਸੀਗਾਰੁ ੯੫੦.

੯. ਜੀਤੇ ਪੰਚ ਬੈਰਾਈਆ, ਨਾਨਕ ਸਫਲ ਮਾਰੂ ਇਹੁ ਰਾਗੁ ੧੪੨੫.

੧੦. ਸਲੋਕ ਮਃ ੩ ॥ ਕੇਦਾਰਾ ਰਾਗਾ ਵਿਚਿ ਜਾਣੀਐ ਭਾਈ, ਸਬਦੇ ਕਰੇ ਪਿਆਰੁ ੧੦੮੭.

੧੧. ਸਾਚਿ ਰਤੇ ਤਿਨ ਸਦ ਬਸੰਤ (੧੧੭੩)।ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥ ੧੧੭੬.

੧੨. ਮਃ ੩ ॥ ਮਲਾਰੁ ਸੀਤਲ ਰਾਗੁ ਹੈ, ਹਰਿ ਧਿਆਇਐ ਸਾਂਤਿ ਹੋਇ ੧੨੮੩.

ਇਨ੍ਹਾਂ ਰਾਗਾਂ ਦੀ ਮਹਾਨਤਾ ਦਾ ਜਿਕਰ ਸਤਿਗੁਰਾਂ ਨੇ ਇਸ ਕਰਕੇ ਕੀਤਾ ਹੈ ਕਿਉਂਕਿ ਇਨ੍ਹਾਂ ਰਾਗਾਂ ਵਿਚ ਵਾਹਿਗੁਰੂ ਦੀ ਸਿਫਤ ਸਲਾਹ ਗਾ ਕੇ ਕੀਤੀ ਹੈ।

ਰਾਗਮਾਲਾ ਕੋਈ ਡੇਢ ਕੁ ਸਦੀ ਤੋਂ ਵਾਦ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ।ਕੁਝ ਗੁਰਸਿੱਖ ਰਾਗਮਾਲਾ ਪੜ੍ਹਨ ਦੇ ਖਿਲਾਫ ਹਨ ਅਤੇ ਕੁਝ ਗੁਰਸਿੱਖ ਰਾਗਮਾਲਾ ਪੜ੍ਹਨ ਦੇ ਹੱਕ ਵਿਚ ਹਨ।ਰਾਗਮਾਲਾ ਬਾਰੇ ਲੋੜੀਂਦੀ ਜਾਣਕਾਰੀ ਪੁਰਾਤਨ ਇਤਿਹਾਸਕ ਗ੍ਰੰਥਾਂ ਤੋਂ ਵੀ ਪ੍ਰਾਪਤ ਹੁੰਦੀ ਹੈ।ਗੁਰ ਬਿਲਾਸ ਪਾਤਸ਼ਾਹੀ ਛੇਵੀਂ (ਗੁਰੂ ਹਰਿ ਗੋਬਿੰਦ ਸਾਹਿਬ ਜੀ) ਜਿਸ ਵਿਚ ਭਾਈ ਮਨੀ ਸਿੰਘ ਜੀ ਅਤੇ ਭਾਈ ਭਗਤ ਸਿੰਘ ਦਾ ਸੰਬਾਦ ਹੈ।ਨਾਲ ਹੀ ਦੂਜਾ ਗੁਰ ਭਾਈ, ਭਾਈ ਧਰਮ ਸਿੰਘ ਸ੍ਰੋਤਾ ਹੈ, ਇਨ੍ਹਾਂ ਦੇ ਇਕ ਸੇਵਕ ਭਾਈ ਸੋਹਣ ਕਵੀ ਨੇ ਇਹ ਗ੍ਰੰਥ ੧੭੭੪ ਬਿ. ਜੇਠ ਮਹੀਨੇ ਸ਼ੁਰੂ ਕਰਕੇ ੨੧ ਸਾਵਣ ੧੭੭੫ ਬਿ. ਨੂੰ ਪੂਰਾ ਕੀਤਾ।ਇਸ ਵਿਚ ਦਰਜ ਹੈਃ- ਰਾਗਨਿ ਬਿਨਤੀ ਸੁਨੀ ਗੁਰ ਅਰਜਨ ਸੁਖ ਖਾਨ। ਰਾਗ ਮਾਲ ਤਬ ਹੀ ਲਿਖੀ ਭੋਗ ਤਾਹਿ ਪਰ ਠਾਂਨ।(ਗੁਰ ਬਿਲਾਸ ਦਾ ਪੰਨਾ ੭੫)।ਮ੍ਰਿਤ ਪਾਛੈ ਇਹ ਰੀਤ ਸੁ ਕਰੋ।ਗੁਰੂ ਗ੍ਰੰਥ ਕਾ ਪਾਠ ਸੁ ਧਰੋ।ਪਾਵੋ ਭੋਗ ਰਾਗਮਾਲਾ ਪੜ੍ਹ।ਛਿਨ ਮਹਿ ਪਾਪ ਜਾਹਿ ਤਾਕੇ ਸੜ।(ਪੰਨਾ੭੭) ਭਾਵ ਰਾਗ ਮਾਲਾ ਸਹਿਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਕੇ ਸਾਰੇ ਪਾਪ ਸੜ ਜਾਂਦੇ ਹਨ।ਰਾਗਮਾਲਾ ਪੜ੍ਹ ਹੋਵਤ ਪੂਰਾ।ਰਾਗਮਾਲਾ ਬਿਨ ਪਾਠ ਅਧੂਰਾ।ਕਾਨ੍ਹ ਸਿੰਘ ਨਾਭਾ ਨੇ ਇਸਦੇ ਲਿਖਣ ਦਾ ਸਮਾਂ ੧੮੯੦ ਬਿ. ਤੋਂ ਅਰੰਭ ਹੋ ਕੇ ੧੯੦੦ ਬਿ. ਵਿਚ ਪੂਰਾ ਹੋਇਆ ਦਸਿਆ ਹੈ, ਜੋ ਗਲਤ ਹੈ।ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਲਿਖਾਰੀ ਨੇ ਖੁਦ ਇਸਦੇ ਲਿਖਣ ਦਾ ਸੰਮਤ ਲਿਖਿਆ ਹੈਃ- ਸਤਰਾ ਸੈ ਬੀਤੇ ਤਬੈ ਬਰਖ ਪਝੱਤਰ ਜਾਨ।ਸਾਵਨ ਮਾਸ ਇਕੀਸੇ ਦਿਨ ਗਯੋ ਸੁਖਦ ਪਹਿਚਾਨ।ਸੁਦੀ ਪੱਖ ਦਿਨ ਪੰਚਮੀ ਸ੍ਰੀ ਗੁਰ ਕੇ ਪ੍ਰਸਾਦਿ।ਪਾਇ ਭੋਗ ਗੁਰ ਗਾਥ ਕਾ ਕਰ ਕਵਿਤਾ ਅਹਿਲਾਦ।(ਗੁਰ ਬਿਲਾਸ ਪਾ.੬, ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ ੧੯੭੦)।ਇਸੇ ਤਰ੍ਹਾਂ ਭਾ.

ਕਾਨ੍ਹ ਸਿੰਘ ਨਾਭਾ ਨੇ ਗੁਰਮਤ ਸੁਧਾਕਰ ਦੇ ਪੰਨਾ ੩੭੩ ਤੇ ਲਿਖੇ ਫੁੱਟ ਨੋਟ ਵਿਚ ਗੁਰ ਬਿਲਾਸ ਪਾ. ੬ ਦੇ ਕਰਤਾ ਉਤੇ ਨਾਮ ਗੁਪਤ ਰੱਖਣ ਦਾ ਦੋਸ਼ ਲਾਇਆ ਹੈ, ਪਰ ਗ੍ਰੰਥ ਦਾ ਕਰਤਾ ਖੁਦ ਅਪਨਾ ਨਾਮ ਤੇ ਗੁਰੂ ਦਾ ਨਾਮ ਅਖੀਰਲੇ ਅਧਿਆਇ ਵਿਚ ਲਿਖਦਾ ਹੈਃ- ਨਾਮ ਜਾਨ ਸ਼੍ਰੀ ਗੁਰੂ ਕੋ ਕਵਿਤਾ ਜਿਹ ਬਲ ਕੀਨ। ਪੁਰਸ਼ੋਤਮ ਜੀ ਧਰਮ ਹਰਿ ਮੋਹਿ ਦਾਸ ਤਿਨ ਚੀਨ।੭੦੨। ਪ੍ਰਤੱਖ ਹੋਤ ਗੁਰਦੇਵ ਕੇ ਸੇਵਕ ਸੋਹਨ ਨਾਮ। ਤਾ ਤੇ ਜਾਨੋ ਦਾਸ ਕਵਿ ਸੰਤ ਪੂਰ ਮਮ ਕਾਮ।੭੦੩। ਸੋ ਇਨ੍ਹਾਂ ਪਦਿਆਂ ਵਿਚ ਗੁਰ ਬਿਲਾਸ ਲਿਖਣ ਵਾਲੇ ਦਾ ਨਾਮ ਸੋਹਨ ਕਵੀ ਸੇਵਕ ਭਾਈ ਧਰਮ ਸਿਘ ਸਾਫ ਤੌਰ ਤੇ ਲਿਖਿਆ ਹੋਇਆ ਹੈ। ਕਾਨ੍ਹ ਸਿੰਘ ਨਾਭਾ ਨੇ ਚਲਾਕੀ ਵਰਤੀ ਹੈ ਤਾਂ ਕਿ ਗੁਰ ਬਿਲਾਸ ਪਾ. ੬ ਨੂੰ ਸੂਰਜ ਪ੍ਰਕਾਸ਼ ਤੋਂ ਪਿੱਛੋਂ ਕਿਸੇ ਗੁੰਮਨਾਮ ਲਿਖਾਰੀ ਦਾ ਲਿਖਿਆ ਹੋਇਆ ਸਿੱਧ ਕੀਤਾ ਜਾਵੇ। ਪਰ ਐਸਾ ਕਰਨਾ ਕਿਸੇ ਮਹਾਨ ਲਿਖਾਰੀ ਨੂੰ ਸੋਭਾ ਨਹੀਂ ਦਿੰਦਾ। ਇਸ ਤੋਂ ਪਹਿਲਾਂ ਦਾ ਕੋਈ ਇਤਿਹਾਸਕ ਗ੍ਰੰਥ ਨਹੀ, ਜਿਸ ਵਿਚ ਰਾਗ ਮਾਲਾ ਦੇ ਵਿਰੋਧ ਦਾ ਜਿਕਰ ਕੀਤ ਗਿਆ ਹੋਵੇ।

ਕਵੀਰਾਜ ਭਾਈ ਸੰਤੋਖ ਸਿੰਘ ਜੀ ਦਾ ਲਿਖਿਆ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਹੈ, ਜੋ ਉਨ੍ਹਾਂ ਨੇ ਸੰਮਤ ੧੯੦੦ (੧੮੪੩ ਈ.) ਵਿਚ ਸੰਪੂਰਨ ਕੀਤਾ ਅਤੇ ਇਸ ਤੋਂ ਬਾਦ ਛੇਤੀ ਹੀ ੫੬ ਸਾਲ ਦੀ ਉਮਰ ਵਿਚ ਆਪ ਚੜ੍ਹਾਈ ਕਰ ਗਏ। ਕਿਸੇ ਇਤਿਹਾਸਕ ਗ੍ਰੰਥ ਵਿਚ ਸਭ ਤੋਂ ਪਹਿਲਾਂ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿਚ ਰਾਗਮਾਲਾ ਦੇ ਵਿਰੁੱਧ ਲਿਖਿਆ। ਪਰ ਕਵੀ ਜੀ ਨੇ ਦਿਆਨਤਦਾਰੀ ਵਰਤੀ ਹੈ ਕਿ ਮੈਨੂੰ ਪਤਾ ਨਹੀ ਕਿ ਰਾਗਮਾਲਾ ਗੁਰੂ ਜੀ ਦੀ ਲਿਖੀ ਹੋਈ ਹੈ ਜਾਂ ਕਿਸੇ ਹੋਰ ਨੇ ਲਿਖੀ ਹੈਃ- ਰਾਗਮਾਲਾ ਗੁਰ ਕੀ ਕ੍ਰਿਤ ਨਹ, ਹੈ ਮੁੰਦਾਵਣੀ ਲਗ ਗੁਰ ਬੈਨ...ਇਹ ਸੁਧਿ ਨਹਿ, ਲਿਖੀ ਇਹ ਗੁਰ ਨੇ, ਕਿਧੌਂ ਸਿਖ ਕਾਹੂ ਲਿਖ ਦੀਨਿ..(ਗੁਰ ਪ੍ਰਤਾਪ ਸੂ. ਪ੍ਰ. ਰਾਸ ੩, ਅੰਸੂ ੪੮)। ਇਸ ਤੋਂ ਭਾਵ ਹੈ ਕਿ ਕਵੀ ਜੀ ਨੇ ਕਿਸੇ ਦੇ ਪ੍ਰਭਾਵ ਹੇਠ ਆ ਕੇ ਰਾਗਮਾਲਾ ਦਾ ਗੁਰੂ ਦੀ ਕ੍ਰਿਤ ਨਾ ਹੋਣ ਬਾਰੇ ਲਿਖਿਆ ਹੈ। ਜਦੋਂ ਕਵੀ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਲਿਖ ਰਹੇ ਸਨ, ਤਾਂ ਉਦੋਂ ਚੇਤਨ ਦਾਸ ਸਾਧੂ ਨੇ ਆਲਮ ਕਵੀ ਦੀ ਲਿਖੀ ਕਾਮ ਕੰਦਲਾ ਵਾਲੀ ਪੋਥੀ ਭਾਈ ਸੋਭਾ ਸਿੰਘ ਨੂੰ ਦਿਖਾਈ। ਸੋਭਾ ਸਿੰਘ ਜੀ ਉਦੋਂ ਠਾਕੁਰ ਦਿਆਲ ਸਿੰਘ ਜੀ ਦੇ ਡੇਰੇ ਪਟਿਆਲੇ ਰਹਿੰਦੇ ਸਨ। ਸੋਭਾ ਸਿੰਘ ਨੇ ਕਾਮ ਕੰਦਲਾ ਵਾਲੀ ਕਹਾਣੀ ਪੜ੍ਹ ਕੇ ਅਪਣੇ ਵਲੋਂ ਬਿਨਾ ਕੋਈ ਖੋਜ ਕੀਤਿਆਂ ਰਾਗਮਾਲਾ ਵਿਰੁੱਧ ਜੋਰਦਾਰ ਅਵਾਜ ਉਠਾਈ। ਸੋਭਾ ਸਿੰਘ ਜੀ ਕੈਂਥਲ ਵਿਖੇ ਸੂਰਜ ਪ੍ਰਕਾਸ਼ ਲਿਖ ਰਹੇ ਭਾਈ ਸੰਤੋਖ ਸਿੰਘ ਜੀ ਨੂੰ ਜਾ ਮਿਲੇ ਅਤੇ ਅਪਣੀਆਂ ਦਲੀਲਾਂ ਅਤੇ ਉਕਤੀਆਂ ਯੁਕਤੀਆਂ ਦੇ ਸਹਾਰੇ ਭਾ. ਸੰਤੋਖ ਸਿੰਘ ਨੂੰ ਕਾਇਲ ਕਰ ਲਿਆ। ਜਿਵੇਂ ਕਿ ਸੂਰਜ ਪ੍ਰਕਾਸ਼ ਦੀ ਲਿਖਤ ਤੋਂ ਪਤਾ ਚਲਦਾ ਹੈ ਕਿ ਸੋਭਾ ਸਿੰਘ ਦੇ ਕਹਿਣ ਤੇ ਕਵੀ ਸੰਤੋਖ ਸਿੰਘ ਜੀ ਦੀ ਰਾਗਮਾਲਾ ਦੇ ਕਰਤਾ ਬਾਰੇ ਪੂਰੀ ਤਸੱਲੀ ਨਹੀਂ ਸੀ, ਪਰ ਫਿਰ ਵੀ ਮਜਬੂਰੀ ਵਿਚ ਲਿਖਣਾ ਪਿਆ। ਰਾਗਮਾਲਾ ਦੇ ਵਿਰੋਧੀ ਸੂਰਜ ਪ੍ਰਕਾਸ਼ ਦੀ ਇਸ ਗੱਲ ਨੂੰ ਲੈ ਕੇ ਖੂਬ ਪ੍ਰਚਾਰ ਕਰਦੇ ਹਨ। ਪਰ ਸੂਰਜ ਪ੍ਰਕਾਸ਼ ਵਿਚ ਕੁਝ ਹੋਰ ਵੀ ਗੁਰਮਤ ਵਿਰੋਧੀ ਤੱਥ ਹਨ, ਉਨ੍ਹਾਂ ਬਾਰੇ ਰਾਗਮਾਲਾ ਦੇ ਵਿਰੋਧੀਆਂ ਦਾ ਕੀ ਬਿਚਾਰ ਹੈ? ਇਹ ਗਲ ਠੀਕ ਹੈ ਕਿ ਸਾਰੇ ਲਿਖਾਰੀਆਂ ਦੀਆਂ ਸਾਰੀਆਂ ਲਿਖਤਾਂ ਸੌ ਫੀ ਸਦੀ ਸਹੀ ਹੋਣੀਆਂ ਮੁਸ਼ਕਲ ਹਨ, ਪਰ ਪੜਚੋਲ ਅਤੇ ਖੋਜ ਕਰਕੇ ਹਰ ਪੱਖ ਨੂੰ ਘੋਖਣਾ ਖੋਜੀ ਦਾ ਫਰਜ ਹੈ। ਇਹ ਨਹੀ ਹੋਣਾ ਚਾਹੀਦਾ ਕਿ ਜਿਹੜੀ ਗੱਲ ਸਾਨੂੰ ਪਸੰਦ ਹੈ, ਉਹ ਮੰਨ ਲਓ ਤੇ ਜਿਹੜੀ ਸਾਨੂੰ ਪਸੰਦ ਨਹੀ ਉਹ ਛੱਡ ਦਿਓ। ਰਾਗਮਾਲਾ ਦੀ ਪੂਰੀ ਖੋਜ ਕਰਕੇ ਹੀ ਕੁਝ ਕਹਿਣਾ ਚਾਹੀਦਾ ਹੈ। ਬਾਬੂ ਤੇਜਾ ਸਿੰਘ ਭਸੌੜ ਨੇ ਤਾਂ ਕਵੀ ਸੰਤੋਖ ਸਿੰਘ ਦੀ ਉਪਰੋਕਤ ਤੁਕ ਦਾ ਵਿਸ੍ਰਾਮ ਬਦਲ ਕੇ ਅਰਥ ਵੀ ਅਪਣੀ ਮਨ ਮਰਜੀ ਵਾਲੇ ਕਰ ਦਿਤੇ। ਇਹ ਸੁਧ, ਨਹ ਲਿਖੀ ਇਹ ਗੁਰ ਨੇ...। ਰਾਗ ਮਾਲਾ ਦੇ ਵਿਰੋਧੀਆਂ ਨੇ ਪੁਰਾਣੇ ਸਾਰੇ ਇਤਿਹਾਸਕ ਤੱਥ ਵਿਚਾਰਨੇ ਛਡ ਕੇ ਅਪਣੀ ਜਿੱਦ ਦੇ ਸਹਾਰੇ ਬਹੁਤ ਸਾਰੀਆਂ ਕਿਤਾਬਾਂ ਲਿਖ ਦਿਤੀਆਂ। ਭਾਈ ਸੋਭਾ ਸਿੰਘ ਨੇ ਬਿਨਾ ਰਾਗਮਾਲਾ ਦੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਖ ਦਿਤਾ। ਪੰਥ ਵਿਚ ਬਹੁਤ ਰੋਸ ਜਾਗਿਆ, ਅਕਾਲ ਤਖਤ ਤੇ ਪੰਥ ਦਾ ਭਾਰੀ ਇਕੱਠ ਹੋਇਆ। ਜਿਸ ਵਿਚ ਗ੍ਰੰਥੀ ਭਾਈ ਜਵਾਹਰ ਸਿੰਘ, ਭਾਈ ਭਗਤ ਸਿੰਘ, ਭਾਈ ਭਗਵਾਨ ਸਿੰਘ, ਠਾਕੁਰ ਦਿਆਲ ਸਿੰਘ ਅਤੇ ਹੋਰ ਸੰਤ ਮਹਾਂ ਪੁਰਸ਼, ਨਿਹੰਗ ਸਿੰਘ ਅਤੇ ਵਿਦਵਾਨ ਸੱਜਣ ਸ਼ਾਮਲ ਹੋਏ। ਭਾਈ ਸੋਭਾ ਸਿੰਘ ਨੂੰ ਵੀ ਸੱਦਿਆ ਗਿਆ, ਜਿਸ ਨੇ ਅਪਣੀਆਂ ਦਲੀਲਾਂ ਦੀਵਾਨ ਵਿਚ ਸਭ ਨੂੰ ਸੁਣਾਈਆਂ ਅਤੇ ਕਿਹਾ ਕਿ ਰਾਗਮਾਲਾ ਬਾਣੀ ਨਾ ਹੋਣ ਕਰਕੇ ਪੜ੍ਹਨੀ ਨਹੀ ਚਾਹੀਦੀ। ਜੋ ਇਸ ਦੇ ਨਾ ਪੜ੍ਹਨ ਕਰਕੇ ਪਾਪ ਹੋਵੇ, ਉਹ ਮੇਰੇ (ਸੋਭਾ ਸਿੰਘ ਦੇ) ਜਿੰਮੇ ਲਾਇਆ ਜਾਵੇ। ਦੀਵਾਨ ਵਿਚ ਬੈਠੇ ਪੰਥ ਮੁਖੀਆਂ ਨੇ ਵਿਚਾਰ ਕੀਤੀ ਅਤੇ ਫੈਸਲਾ ਕਰਕੇ ਅਰਦਾਸ ਕੀਤੀ, ਹੇ ਸੱਚੇ ਪਾਤਸ਼ਾਹ! ਜੇ ਰਾਗਮਾਲਾ ਗੁਰਬਾਣੀ ਹੈ ਤਾਂ ਸੋਭਾ ਸਿੰਘ ਦੀ ਜਬਾਨ ਬੰਦ ਹੋ ਜਾਏ, ਜੋ ਇਸ ਦੀ ਨਿੰਦਾ ਕਰਦਾ ਹੈ। ਜੇ ਰਾਗਮਾਲਾ ਗੁਰਬਾਣੀ ਨਹੀਂ ,ਆਲਮ ਕ੍ਰਿਤ ਹੈ, ਤਾਂ ਇਸ (ਸੋਭਾ ਸਿੰਘ) ਦੀ ਦੇਹ ਅਰੋਗ ਰਹੇ। ਇਕ ਸਾਲ ਤੋਂ ਬਾਦ ਜੇ ਇਸ ਦੀ ਦੇਹ ਅਰੋਗ ਰਹੀ ਤਾਂ ਅਸੀਂ ਸਾਰੇ ਰਾਗਮਾਲਾ ਪੜ੍ਹਨੀ ਬੰਦ ਕਰ ਦਿਆਂਗੇ। ਇਸ ਅਰਦਾਸ ਤੋਂ ਥੋੜੇ ਚਿਰ ਬਾਦ ਹੀ ਸੋਭਾ ਸਿੰਘ ਸਖਤ ਬਿਮਾਰ ਹੋ ਗਿਆ ਅਤੇ ਜਬਾਨ ਬੰਦ ਹੋ ਗਈ। ਅੱਤਿ ਦੁਖੀ ਹੋਏ ਸੋਭਾ ਸਿੰਘ ਨੇ ਕਾਗਜ ਤੇ ਲਿਖ ਕੇ ਦਸਿਆ ਕਿ ਮੈਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲੈ ਚੱਲੋ, ਮੈਂ ਅਪਣੇ ਕਰਮ ਦਾ ਫਲ ਭੁਗਤਿਆ ਹੈ, ਪੰਥ ਦੀ ਅਰਦਾਸ ਸੱਤਿਗੁਰੂ ਜੀ ਨੇ ਸੁਣ ਲਈ ਹੈ, 'ਰਾਗਮਾਲਾ ਗੁਰਬਾਣੀ ਹੈ,

ਆਲਮ ਕ੍ਰਿਤ ਨਹੀ'। ਹੁਣ ਮੇਰੇ ਵਲੋਂ ਮੁਆਫੀ ਦਾ ਅਰਦਾਸਾ ਸੋਧਿਆ ਜਾਵੇ ਤਾਂ ਕਿ ਸਤਿਗੁਰੂ ਮੈਨੂੰ ਮੁਆਫ ਕਰ ਦੇਵੇ। ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਸ ਨੇ ਰਾਗਮਾਲਾ ਤੋਂ ਬਿਨਾ ਲਿਖਿਆ ਸੀ, ਉਸ ਵਿਚ ਵੀ ਰਾਗਮਾਲਾ ਲਿਖ ਕੇ ਪਾਈ ਗਈ। ਇਹ ਘਟਨਾ ਸ੍ਰੀ ਦਰਬਾਰ ਸਾਹਿਬ ਦੇ ਰੋਜ ਨਾਮਚੇ ਵਿਚ ਵੀ ਲਿਖੀ ਹੋਈ ਸੀ, ਸੰਤ ਟਹਿਲ ਸਿੰਘ ਜੀ ਨੇ ਭੋਲਾ ਸਿੰਘ ਮੁਨਸ਼ੀ ਤੋਂ ਖੋਜ ਕਰਾ ਕੇ ਅੱਖੀਂ ਦੇਖੀ ਹੈ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਨੇ ਵੀ ਦੇਖੀ ਹੈ। ਬਾਦ ਵਿਚ ਅਕਾਲੀ ਲਹਿਰ ਸਮੇਂ ਰਾਗਮਾਲਾ ਦੇ ਵਿਰੋਧੀਆਂ ਨੇ ਇਹ ਪੱਤ੍ਰਾ ਚੁਰਾ ਕੇ ਗੁੰਮ ਕਰ ਦਿਤਾ। (ਗੁਰ ਗਿਰਾ ਰਾਗਮਾਲਾ ਮੰਡਨ ਪ੍ਰਬੋਧ ਗ੍ਰੰਥ ਵਿਚੋਂ, ਕ੍ਰਿਤ ਸੰਤ ਟਹਿਲ ਸਿੰਘ)। ਇਸੇ ਤਰ੍ਹਾਂ ਪੰਡਤ ਤਾਰਾ ਸਿੰਘ ਨਰੋਤਮ ਦੀ ਦੇਹ ਦਾ ਅੰਤ ਸਮੇਂ ਜੋ ਹਾਲ ਹੋਇਆ, ਉਨ੍ਹਾਂ ਨੇ ਕਾਗਜ ਮੰਗਵਾ ਕੇ ਲਿਖ ਕੇ ਮਾਸਟਰ ਨਿਹਾਲ ਸਿੰਘ ਬਰਨਾਲੇ ਵਾਲਿਆਂ ਨੂੰ ਦਸਿਆ, ਜੋ ਦਰਵਾਜਾ ਨਾਭਾ ਡੇਰਾ ਬਾਬਾ ਗਾਂਧਾ ਸਿੰਘ ਪਟਿਆਲਾ ਵਿਚ ਹੈ, ਸਾਡੀ ਜਬਾਨ ਦਾ ਬੰਦ ਹੋਣਾ ਤੇ ਇਤਨਾ ਕਸ਼ਟ ਪਾਉਣਾ, ਫਿਰ ਸੁਪਨੇ ਵਿਚ ਵੀ ਪ੍ਰਤੀਤ ਹੋਣਾ ਆਦਿ ਸਭ ਰਾਗਮਾਲਾ ਦੇ ਖੰਡਨ ਕਰਕੇ ਹੀ ਹੋਇਆ ਹੈ। ਸੋ ਹੁਣ ਸਾਰੇ ਸੰਤ ਮਹੰਤ ਮੇਰੀ ਤਰਫੋਂ ਅਰਦਾਸਾ ਸੋਧੋ ਕਿ ਗੁਰੂ ਮਹਾਰਾਜ ਮੈਨੂੰ ਮਾਫ ਕਰ ਦੇਣ ਅਤੇ ਮੇਰਾ ਸਰੀਰ ਛੁੱਟ ਜਾਵੇ ਅਤੇ ਤਕਲੀਫ ਮਿਟ ਜਾਵੇ।

ਵੀਹਵੀਂ ਸਦੀ ਦੇ ਤੀਜੇ ਦਹਾਕਿਆਂ ਵਿਚ ਬਾਬੂ ਤੇਜਾ ਸਿੰਘ ਭਸੌੜ ਵੀ ਰਾਗਮਾਲਾ ਦੇ ਵਿਰੋਧੀਆਂ ਦੀ ਮੂਹਰਲੀ ਕਤਾਰ ਵਿਚ ਰਹੇ ਹਨ। ਬਾਬੂ ਜੀ ਲਿਖਦੇ ਹਨ, ਭਾਈ ਜੀ ਜਰਾ ਸੋਚੋ, ਰਾਗ ਕਿਸੇ ਜਾਨਦਾਰ ਚੀਜ ਦਾ ਨਾਂ ਨਹੀ। ਡਾਕਟਰ ਬਲਬੀਰ ਸਿੰਘ ਜੀ ਪੀ. ਐਚ. ਡੀ. ਇਸ ਦਾ ਜੁਆਬ ਦਿੰਦੇ ਹਨ ਕਿ ਬਾਬੂ ਜੀ ਠੀਕ ਹੀ ਕਹਿ ਰਿਹਾ ਹੈ ਕਿ ਰਾਗ ਜਾਨਦਾਰ ਚੀਜ ਨਹੀ, ਪਰ ਇਸ ਗੱਲ ਨੂੰ ਵੀ ਬਾਬੂ ਤੇਜਾ ਸਿੰਘ ਅਨੁਭਵ ਵਿਚ ਨਹੀ ਲੈ ਰਿਹਾ ਕਿ ਰਾਗ ਬੇ ਜਾਨ ਵੀ ਨਹੀਂ ਹੈ, ਕਿਉਂਕਿ ਰਾਗ ਤਾਂ ਖੁਦ ਜਾਨ ਹੈ। ਇਹ ਵਿਸ਼ਵ ਆਤਮਾ ਹੈ, ਇਹ ਬ੍ਰਹਮ ਨਾਦ ਹੈ, ਇਹ ਆਤਮ ਸ੍ਰਰੂਪ ਅਨੁਰਾਗ ਰੂਪ ਹੋ ਕੇ, 'ਜਤ੍ਰ ਕਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ' (ਜਾਪ ਸਾਹਿਬ ਪਾ. ੧੦) ਹੈ। ਬਾਬੂ ਤੇਜਾ ਸਿੰਘ ਨੇ ਅਪਣੀ ਮਰਜੀ ਮੁਤਾਬਕ ਗੁਰਮੁਖੀ ਕੋਰਸ ਦੀਆਂ ਪੰਜ ਸੈਂਚੀਆਂ ੳ, ਅ, ੲ, ਸ, ਹ, ਨਾਮ ਰਖ ਕੇ ਬਣਾਈਆਂ। ਇਨ੍ਹਾਂ ਸੈਂਚੀਆਂ ਵਿਚ ਰਾਗ ਮਾਲਾ ਅਤੇ ਭੱਟਾਂ ਦੇ ਸਵਯੇ ਛਡ ਦਿਤੇ। ਫਿਰ ਵਾਰਾਂ ਤੇ ਧੁਨਾਂ ਨਹੀਂ ਲਿਖੀਆਂ। ਕੁਛ ਬਾਣੀ ਦਸਮ ਗ੍ਰੰਥ ਵਿਚੋਂ, ਜਾਪ ਸਾਹਿਬ, ਸੁਧਾ ਸਵੱਯੇ, ਅਕਾਲ ਉਸਤਤ, ਗਿਆਨ ਪ੍ਰਬੋਧ, ੩੩ ਸਵਯੇ ਇਨ੍ਹਾਂ ਸੈਂਚੀਆਂ ਵਿਚ ਚੜ੍ਹਾ ਦਿਤੀ। ਇਸ ਤਰ੍ਹਾਂ ਦੀ ਘਟਾ ਵਧਾ ਕੇ ਬਣਾਈ ਬੀੜ ਨੂੰ ਉਹ ਹਜੂਰੀ ਬੀੜ ਕਹਿੰਦਾ ਸੀ। ਉਹ ਭਗਤ ਬਾਣੀ ਅਤੇ ਸਵੱਈਆਂ ਦਾ ਵੀ ਵਿਰੋਧ ਕਰ ਰਿਹਾ ਸੀ। ਸੰਤ ਖਾਲਸਾ ਅਵਤਾਰ ਸਿੰਘ ਵਹੀਰੀਆ ਲਿਖਦੇ ਹਨ ਕਿ ਤੇਜਾ ਸਿੰਘ ਭਸੌੜ ਨੇ ਦੋ ਸੌ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਖ੍ਰੀਦ ਕੇ ਉਨ੍ਹਾਂ ਵਿਚੋਂ ਰਾਗਮਾਲਾ ਦੇ ਪੱਤ੍ਰੇ ਕੱਟ ਕੇ ਦੂਰ ਦੂਰ ਸਿੱਖ ਸੰਗਤਾਂ ਵਿਚ ਭੇਜ ਦਿਤੀਆਂ। ਇਸ ਕਾਰਵਾਈ ਦਾ ੨ ਸਾਲ ਤਕ ਪੰਜਾਬ ਵਿਚ ਕਿਸੇ ਨੂੰ ਪਤਾ ਨਾ ਲੱਗਾ। ਇਸ ਦਾ ਪਤਾ ਉਦੋਂ ਲੱਗਾ ਜਦ ਮਲੇਸ਼ੀਆ ਦੇ ਈਪੂ ਟਾਪੂ ਵਿਚ ਤੇਜਾ ਸਿੰਘ ਭਸੌੜ ਦੇ ਇਕ ਏਜੰਟ ਦਾ ਇਸ਼ਤਿਹਾਰ ਪੰਥ ਸੇਵਕ ਅਖਬਾਰ ਵਿਚ ਛਪਿਆ ਕਿ ਬਿਨਾ ਰਾਗ ਮਾਲਾ ਦੇ ਗੁਰੂ ਗ੍ਰੰਥ ਸਾਹਿਬ ਸਾਡੇ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਜਿਸ ਨਾਲ ਸਾਰੇ ਪੰਥ ਵਿਚ ਰੋਸ ਫੈਲ ਗਿਆ ਅਤੇ ਬਾਬੂ ਤੇਜਾ ਸਿੰਘ ਨੂੰ ਪੰਥ ਦਰਦੀਆਂ ਨੇ ਬਹੁਤ ਸਮਝਾਉਣ ਦੀ ਕੋਸ਼ਿਸ ਕੀਤੀ, ਪਰ ਬਾਬੂ ਜੀ ਤੇ ਕੋਈ ਅਸਰ ਨਾ ਹੋਇਆ। ਸੰਗਤਾਂ ਦਾ ਰੋਹ ਵਧਦਾ ਦੇਖ ਕੇ ਬਾਬੂ ਤੇਜਾ ਸਿੰਘ ਨੇ ਇਕ ਹੋਰ ਮਾਇਆਵੀ ਜਾਲ ਪਾਉਣ ਦੀ ਕੋਸ਼ਿਸ ਕੀਤੀ। ਉਹ ਇਹ ਸੀ ਕਿ ਜੇ ਪੰਥ ਗੁਰੂ ਗ੍ਰੰਥ ਸਾਹਿਬ ਵਿਚੋਂ ਰਾਗ ਮਾਲਾ ਕਢਣੀ ਮੰਨ ਲਵੇ ਤਾਂ ਮੈ (ਬਾਬੂ ਤੇਜਾ ਸਿੰਘ ਭਸੌੜ) ਵੀ ਮੰਨ ਲੈਂਦਾ ਹਾਂ ਕਿ ਭੱਟਾਂ ਦੇ ਸਵੱਈਏ ਨਾ ਕੱਢੇ ਜਾਣ, ਪਰ ਕੌਮ ਤੇਜਾ ਸਿੰਘ ਦੇ ਇਸ ਧੋਖੇ ਵਿਚ ਨਾ ਆਈ। ਸ੍ਰੀ ਅਕਾਲ ਤਖਤ ਤੇ ੧੫ ਜੁਲਾਈ ੧੯੨੮ ਨੂੰ ਪੰਥ ਦਾ ਇਕ ਸਾਂਝਾ ਇਕੱਠ (ਸਰਬਤ ਖਾਲਸਾ) ਸੱਦਿਆ ਗਿਆ। ਵਿਚਾਰ ਵਿਟਾਂਦਰੇ ਤੋਂ ਬਾਦ ਪੰਥ ਨੇ ਬਾਬੂ ਤੇਜਾ ਸਿੰਘ ਦੀਆਂ ਸਾਰੀਆਂ ਕਾਰਵਾਈਆਂ ਨੂੰ ਮਹਾਂ ਅਯੋਗ ਅਤੇ ਗੁਰਮਤ ਵਿਰੋਧੀ ਕਰਾਰ ਦੇ ਦਿਤਾ। ਜਿਸ ਤੇ ਸ਼੍ਰੀ ਅਕਾਲ ਤਖਤ ਤੋਂ ਬਾਬੂ ਜੀ ਦੇ ਵਿਰੁੱਧ ਹੁਕਮਨਾਮਾ ਜਾਰੀ ਹੋਇਆਃ–

ੴ ਵਾਹਿਗੁਰੂ ਜੀ ਕੀ ਫਤਹਿ ॥ ਸ੍ਰੀ ਅਕਾਲ ਸਹਾਇ ॥

ਹੁਕਮਨਾਮਾ ਵਲੋਂ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ॥

ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਪੁਸਤਕਾਂ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਤੇ ਵਾਧਾ ਘਾਟਾ ਕਰਕੇ ਗੁਰਬਾਣੀ ਤੇ ਉਸਦੇ ਕ੍ਰਮ ਨੂੰ ਭੰਗ ਕੀਤਾ ਹੈ ਅਤੇ ਗੁਰਮੰਤ੍ਰ ਅਰਦਾਸੇ ਤੇ ਅੰਮ੍ਰਿਤ ਮਰਿਆਦਾ ਅਦਲਾ ਬਦਲੀ ਕਰਨ ਦੀਆਂ ਗੁਰਮਤ ਵਿਰੋਧੀ ਕਾਰਵਾਈਆਂ ਕੀਤੀਆਂ ਹਨ।

ਇਸ ਲਈ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ।

ਕੋਈ ਸਿੱਖ ਪੰਚ ਖਾਲਸਾ ਦੀਵਾਨ ਵਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖ੍ਰੀਦੇ, ਨਾ ਅਪਣੇ ਪਾਸ ਰੱਖੇ, ਇਹ ਪੁਸਤਕਾਂ ਪੰਚ ਖਾਲਸਾ

ਦੀਵਾਨ ਯਾ ਜਿਸ ਕਿਸੇ ਪਾਸ ਹੋਣ ਉਹ ਸ੍ਰੀ ਅਕਾਲ ਤਖਤ ਸਾਹਿਬ ਘੱਲ ਦੇਣ।

੨੬ ਸਾਵਣ ਬਿ.੧੯੯੫, ੬ ਅਗਸਤ ੧੯੨੮)

ਮੋਹਰ ਸ੍ਰੀ ਅਕਾਲ ਤਖਤ ਸਾਹਿਬ

ਇਥੇ ਹੀ ਬਸ ਨਹੀ ਬਾਬੂ ਤੇਜਾ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚੋਂ ਰਾਗਮਾਲਾ ਦਾ ਪੱਤਰਾ ਪਾੜ ਕੇ ਬੀੜ ਨੂੰ ਪੁਰਾਤਨ ਸਿੱਧ ਕਰਨ ਵਾਸਤੇ ਤੂੜੀ ਦੇ ਕੋਠੇ ਵਿਚ ਦਬਾ ਦਿਤਾ। ਪਰ ਇਸ ਭੂੰਡੀ ਚਾਲ ਦਾ ਪਤਾ ਲਗ ਗਿਆ ਤੇ ਪਾਜ ਉਘੜ ਗਿਆ। ਗੁਰੂ ਗ੍ਰੰਥ ਸਾਹਿਬ ਦੇ ਮੂਲ ਸਰੂਪ ਤੇ ਅਪਣੀ ਕਲਪਨਾ ਅਨੁਸਾਰ ਬਾਬੂ ਜੀ ਕਲਮ ਨਾਲ ਘਾਟੇ ਵਾਧੇ ਤੇ ਨੋਟ ਲਿਖਦੇ ਰਹਿੰਦੇ ਸਨ।

ਕਾਨ੍ਹ ਸਿੰਘ ਨਾਭਾ ਜੀ ਬਾਰੇਃ- ਆਪ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਚੌਪਾ ਸਿਘ ਦਸਮੇਸ਼ ਜੀ ਦਾ ਖਿਡਾਵਾ ਅਤੇ ਅਨਿੰਨ ਸਿਖ ਸੀ। ਇਸ ਦਾ ਲਿਖਿਆ ਰਹਿਤਨਾਮਾ ਅਗਿਆਨੀ ਸਿੱਖਾਂ ਨੇ ਬਹੁਤ ਅਸ਼ੁੱਧ ਕਰ ਦਿਤਾ ਹੈ। ਪਰ ਉਸੇ ਰਹਿਤਨਾਮੇ ਨੂੰ ਆਧਾਰ ਬਣਾ ਕੇ ਗੁਰਮਤ ਸੁਧਾਕਰ ਦੇ ਪੰਨਾ ੪੬੭-੬੯ ਉਤੇ ਲਿਖਦੇ ਹਨ, ਗੁਰੂ ਗ੍ਰੰਥ ਸਾਹਿਬ ਦਾ ਭੋਗ ਨੌਵੇਂ ਪਾ. ਦੇ ਸਲੋਕਾਂ ਪਰ ਪਾਵੇ ਅਤੇ ਮੁੰਦਾਵਣੀ ਭੋਗ ਦੀ ਮੋਹਰ ਹੈ, ਜਿਸਦਾ ਪੜ੍ਹਨਾ ਇਸ ਤਰ੍ਹਾਂ ਜਰੂਰੀ ਹੈ, ਜਿਵੇਂ ਸ਼ਾਹੀ ਫੁਰਮਾਨ ਪੜ੍ਹ ਕੇ ਮੋਹਰ ਦੀ ਇਬਾਰਤ ਅਵਸ਼ਯ ਪੜ੍ਹੀ ਜਾਂਦੀ ਹੈ। ਬਹੁਤ ਲੋਕ ਭੋਗ ਰਾਗਮਾਲਾ ਤੇ ਪਾਉਂਦੇ ਹਨ ਜੋ ਗੁਰਬਾਣੀ ਨਹੀਂ ਹੈ। ਇਹ ਸੈਦ ਮੁਹੰਮਦ (ਗੌਸ ਕੁਤਬ ਕਾਦਰੀ) ਦੇ ਚੇਲੇ ਕਵੀ ਆਲਮ ਨੇ ੯੯੧ ਹਿਜਰੀ (੧੬੪੧ ਬਿ.) ਵਿਚ ਗੁਰੂ ਗ੍ਰੰਥ ਸਾਹਿਬ ਲਿਖਣ ਤੋਂ ੨੦ ਸਾਲ ਪਹਿਲਾਂ ਲਿਖੀ ਹੈ। ਕਰਤਾਰ ਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ੯੭੩ ਵੇਂ ਪੱਤਰੇ ਪਰ ਮੁੰਦਾਵਣੀ ਹੈ, ਅਰ ੯੭੪ ਵਾਂ ਪਤਰਾ ਕੋਰਾ ਪਿਆ ਹੈ। ਇਸ ਤੋਂ ਸਾਫ ਪਾਇਆ ਜਾਂਦਾ ਹੈ ਕਿ ਗੁਰੂ ਬਾਬੇ ਦੇ ਸਾਰੇ ਪੱਤਰੇ ੯੭੪ ਦੀ ਗਿਣਤੀ ਤੋਂ ਬਾਹਰ ਜੋ ਕੁਛ ਹੈ ਉਹ ਗੁਰੂ ਬਾਬੇ ਦਾ ਅੰਗ ਨਹੀ। ਇਸ ਦਾ ਜੁਆਬ ਭਾਈ ਜੋਧ ਸਿੰਘ ਪ੍ਰਿੰਸੀਪਲ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਜੋ ਆਪ ਖੁਦ ਪਹਿਲਾਂ ਰਾਗ ਮਾਲਾ ਦੇ ਵਿਰੱਧ ਸਨ, ਨੇ ਹੇਠ ਲਿਖੇ ਲਫਜਾਂ ਵਿਚ ਦਿਤਾ ਹੈ।

ਰਾਗਮਾਲਾ ਦਾ ਵਾਦ ਵਿਵਾਦ ਬਹੁਤ ਦੇਰ ਤਕ ਜਾਰੀ ਰਿਹਾ। ਸ੍ਰੋਮਣੀ ਗੁ. ਪ੍ਰ. ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਅਪਣੇ ਇਕ ਮਤੇ ਅਨੁਸਾਰ ੨੭ ਮਈ ੧੯੪੫ ਈ. ਨੂੰ ਤਿੰਨ ਵਿਦਵਾਨਾਂ ਦੀ ਇਕ ਕਮੇਟੀ ਬਣਾਈ। ਜਿਸ ਨੂੰ ਕਰਤਾਰ ਪੁਰ ਵਾਲੀ ਬੀੜ ਦੇ ਦਰਸ਼ਨ ਕਰਕੇ ਅਪਣੀ ਰਿਪੋਟ ਦੇਣ ਨੂੰ ਕਿਹਾ ਗਿਆ। ਆਦਿ ਬੀੜ ਦੇ ਦਰਸ਼ਨ ਕਰਕੇ ਸਾਨੂੰ ਬੜੀ ਹੈਰਾਨੀ ਹੋਈ ਕਿ ਕਾਨ੍ਹ ਸਿੰਘ ਵਰਗੇ ਵਿਦਵਾਨ ਖੋਜੀ ਨੇ ਰਾਗਮਾਲਾ ਖਿਲਾਫ ਇਹ ਲੇਖ ਕਿਸ ਤਰ੍ਹਾਂ ਲਿਖ ਦਿਤਾ। ਸਾਡੀ ਰਪੋਟ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਜਿਸ ਵੇਲੇ ਬੀੜ ਸਮਾਪਤ ਹੋਈ, ਰਾਗਮਾਲਾ ਉਦੋਂ ਨਾਲ ਹੀ ਲਿਖੀ ਗਈ। ਰਾਗਮਾਲਾ ਦਾ ਲਿਖਾਰੀ ਵੀ ਉਹ ਹੀ ਹੈ ਜਿਸਦੇ ਹੱਥੋਂ ਬੀੜ ਲਿਖਾਈ ਗਈ। ਕਰਤਾਰ ਪੁਰ ਵਾਲੀ ਬੀੜ ਵਿਚੋਂ ਅਸੀਂ ਕਈ ਨੋਟ ਵਿਸਥਾਰ ਨਾਲ ਲਏ, ਜੋ ਅਸੀਂ ਧਾਰਮਕ ਕਮੇਟੀ ਕੋਲ ਭੇਜ ਦਿਤੇ ਹਨ। ਸਭ ਤੋਂ ਜਰੂਰੀ ਗਲ ਇਹ ਨੋਟ ਕੀਤੀ ਗਈ ਕਿ ਇਸ ਬੀੜ ਦੇ ਅੰਤ ਵਿਚ ਰਾਗਮਾਲਾ ਹੈ ਅਤੇ ਇਹ ਉਨ੍ਹਾਂ ਹੀ ਦਸਤਖਤਾਂ ਤੇ ਉਸ ਲਿਖਤ ਵਿਚ ਹੈ, ਜਿਸ ਨਾਲ ਰਾਗਮਾਲਾ ਤੋਂ ਪਹਿਲਾਂ ਆਉਣ ਵਾਲੇ ਕਈ ਸਫੇ ਲਿਖੇ ਹੋਏ ਹਨ। ਮੁੰਦਾਵਣੀ ਅਤੇ ਸਲੋਕ ਮਹਲਾ ੫, ੯੭੩ ਸਫੇ ਦੇ ਅਰੰਭ ਵਿਚ ਹਨ, ਬਾਕੀ ਸਾਰਾ ਸਫਾ ਖਾਲੀ ਪਿਆ ਹੈ। ਇਸ ਸਫੇ ਦੇ ਸਾਹਮਣੇ ਵਾਲਾ ਸਫਾ ਵੀ ਖਾਲੀ ਹੈ, ਇਸਦੇ ਦੂਜੇ ਪਾਸੇ ਵਾਲਾ ਸਾਰਾ ਸਫਾ ਖਾਲੀ ਹੈ, ਜਿਸ ਤੇ ਅੰਗ ੯੭੪ ਲਿਖਿਆ ਹੋਇਆ ਹੈ। ਉਸਦੇ ਸਾਮ੍ਹਣੇ ਸਫੇ ਤੇ ਰਾਗਮਾਲਾ ਲਿਖੀ ਹੋਈ ਹੈ, ਇਸ ਤੋਂ ਉਪਰੰਤ ਦੂਜੇ ਪਾਸੇ ਕੋਈ ਅੰਕ ਨਹੀ ਅਤੇ ਨਾ ਹੀ ਕੋਈ ਲਿਖਤ ਹੈ। ਇਸ ਬੀੜ ਦਾ ਦਰਸ਼ਨ ਕਰਨ ਲਈ ਜਦੋਂ ਪ੍ਰਕਾਸ਼ ਕਰੀਏ ਤਾਂ ਸਾਰੇ ਅੰਗ ਦਰਸ਼ਨ ਕਰਨ ਵਾਲੇ ਦੇ ਖੱਬੇ ਹੱਥ ਦੇ ਪੰਨੇ ਪਰ ਆਉਣਗੇ। ਇਸ ਅੰਗ ਵਾਲੇ ਪੱਤਰੇ ਨਾਲ ਦੂਜਾ ਪੰਨਾ ਰਲਾ ਕੇ ਇਕ ਪੱਤਰਾ ਬਣਦਾ ਹੈ, ਉਹ ਸੱਜੇ ਹੱਥ ਵਾਲੇ ਪੱਤਰੇ ਦਾ ਪਹਿਲਾ ਪੰਨਾ ਹੈ। ਅਰਥਾਤ ਦਰਸ਼ਨ ਕਰਨ ਲਗਿਆਂ ਜੋ ਦੋ ਪੰਨੇ ਦੋ ਵੱਖ ਵੱਖ ਪੱਤਰਿਆਂ ਦੇ ਦਰਸ਼ਨ ਕਰਨ ਵਾਲੇ ਦੇ ਸਾਮ੍ਹਣੇ ਹੁੰਦੇ ਹਨ, ਉਹ ਦੋਵੇਂ ਰਲਾ ਕੇ ਇਕ ਪਤਰਾ ਬਣਦਾ ਹੈ। ਇਹ ਅੰਗ ਦੇਣ ਦਾ ਢੰਗ ਅਜ ਕਲ੍ਹ ਦੇ ਢੰਗ ਨਾਲੋਂ ਵਖਰਾ ਹੈ। ਉਪਰ ਦਸੇ ਢੰਗ ਅਨੁਸਾਰ ਰਾਗਮਾਲਾ ਦਾ ਪੱਤਰਾ ਅੰਗ ਤਤਕਰੇ ਵਿਚ ੯੭੪ ਅਤੇ ਬੀੜ ਵਿਚ ਵੀ ਇਹ ਅੰਗ ੯੭੪ ਹੈ।

ਭਾ. ਕਾਨ੍ਹ ਸਿੰਘ ਨਾਭਾ ਫਿਰ ਲਿਖਦੇ ਹਨ ਕਿ ਆਦਿ ਅੰਤ ਦੇ ਵਾਧੂ ਪੱਤਰਿਆਂ ਪਰ ਕਰਤਾਰ ਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਰਾਗ ਮਾਲਾ ਹੀ ਨਹੀ, ਕਿੰਤੂ ਰਤਨਮਾਲਾ ਹੈ, ਰਾਹ ਮੁਕਾਮ ਦੀ ਸਾਖੀ ਹੈ, ਅਰ ਐਸੇ ਵੀ ਲੇਖ ਹਨਃ- ਸੰਮਤ ੧੬੫੫ ਜਹਾਂਗੀਰ ਪਾਤਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਰਕਬਾ ਕਰਤਾਰ ਪੁਰ ਦਿਤਾ। ਧਰਮਸਾਲਾ ਨੂੰ ੮੯੬੪ ਘੁਮਾਂ ਕਨਾਲ ੭ ਮਰਲੇ ੧੫ । ਪ੍ਰਿੰਸੀਪਲ ਜੋਧ ਸਿੰਘ ਜੀ ਨਾਭਾ ਜੀ ਦਾ ਉਤਰ ਇਉਂ ਦਿੰਦੇ ਹਨਃ- ਵਾਧੂ ਪੱਤਰਿਆਂ ਤੋਂ ਭਾਵ ਭਾ.ਕਾਨ੍ਹ ਸਿੰਘ ਜੀ ਦਾ ਜੇ ਬਿਨਾ ਅੰਗ ਵਾਲੇ ਪੱਤਰਿਆ ਤੋਂ ਹੈ ਤਾਂ ਇਹ ਗਲ ਗਲਤ ਹੈ। ਬਿਨਾ ਅੰਕ ਵਾਲੇ ਪੱਤਰੇ ਜੋ ਤਤਕਰੇ ਤੋਂ ਪਹਿਲਾਂ ਤੇ ਰਾਗਮਾਲਾ ਤੋਂ ਪਿਛੋਂ ਉਸ ਕਾਗਜ ਦੇ ਹਨ, ਜਿਨ੍ਹਾ ਪਰ ਬੀੜ ਲਿਖੀ ਗਈ ਹੈ, ਉਹ ਬਿਲਕੁਲ ਕੋਰੇ ਹਨ। ਨਾ ਹੀ ਕਿਸੇ ਅੰਕ ਵਾਲੇ ਪੱਤਰੇ ਤੇ ਵੀ ਜਿਨ੍ਹਾਂ

ਵਿਚ ਕਈ ਕੋਰੇ ਵੀ ਹਨ, ਨਾ ਰਤਨਮਾਲਾ ਹੈ, ਨਾ ਰਾਹ ਮੁਕਾਮ ਦੀ ਸਾਖੀ ਹੈ ਤੇ ਨਾ ਹੀ ਜਹਾਂਗੀਰ ਬਾਦਸ਼ਾਹ ਦੇ ਜਮੀਨ ਦੇਣ ਵਾਲਾ ਲੇਖ ਹੈ। ਜੋ ਕੁਝ ਵੀ ਕਾਨ੍ਹ ਸਿੰਘ ਜੀ ਨੇ ਚਿਠੀ ਵਿਚ ਲਿਖਿਆ ਹੈ, ਉਹ ਉਕਾ ਹੀ ਗਲਤ ਹੈ। ਚਲਿਤ੍ਰ ਜੋਤੀ ਜੋਤ ਸਮਾਉਣ ਕਾ ਜਰੂਰ ਦਰਜ ਹੈ, ਇਹ ਭਾਗ ਲਗਭਗ ਪੁਰਾਣੀਆਂ ਸਾਰੀਆਂ ਬੀੜਾਂ ਵਿਚ ਹੈ। ਇਹ ਇੰਦਰਾਜ ਤਤਕਰੇ ਦੇ ਅੰਤ ਤੇ ਬੀੜ ਦੇ ਅਰੰਭ ਵਿਚ ਜਪੁਜੀ ਸਾਹਿਬ ਤੋਂ ਪਹਿਲੇ ਜੋ ਅੰਕ ਲਗੇ ਹੋਏ ਪੱਤਰੇ ਖਾਲੀ ਰਹਿ ਗਏ ਸਨ, ਉਨ੍ਹਾਂ ਵਿਚੋਂ ਇਕ ਤੇ ਹੈ। ਹੋਰ ਵੀ ਜੋ ਗਲਾਂ ਕਾਨ੍ਹ ਸਿੰਘ ਜੀ ਨੇ ਲਿਖੀਆਂ ਹਨ, ਉਹ ਖੁਦ ਕਰਤਾਰ ਪੁਰ ਵਾਲੀ ਬੀੜ ਦੇ ਦਰਸ਼ਨ ਕਰਕੇ ਨਹੀਂ ਲਿਖੀਆਂ, ਸੁਣੀਆਂ ਸੁਣਾਈਆਂ ਗੱਲਾਂ ਹੀ ਲਿਖ ਦਿਤੀਆਂ ਹਨ। ਇਸੇ ਤਰ੍ਹਾਂ ਪ੍ਰਾਚੀਨ ਬੀੜਾਂ ਦੇ ਕਰਤਾ ਸ੍ਰ. ਜੀ ਬੀ ਸਿੰਘ ਨੇ ਤਾਂ ਪੁਰਾਤਨ ਬੀੜਾਂ ਬਾਰੇ ਗਲਤ ਬਿਆਨੀ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਉਨ੍ਹਾਂ ਦੀ ਇਹ ਪੁਸਤਕ ਨਿਰਾ ਝੂਠ ਦਾ ਪੁਲੰਦਾ ਹੈ। ਕਿਉਂਕਿ ਇਨ੍ਹਾਂ ਵਿਦਵਾਨਾਂ ਨੇ ਆਪ ਖੁਦ ਕਰਤਾਰ ਪੁਰ ਜਾ ਕੇ ਬੀੜ ਦੇ ਦਰਸ਼ਨ ਕਰਨ ਦੀ ਖੇਚਲ ਨਹੀਂ ਕੀਤੀ, ਸੁਣੀਆਂ ਸੁਣਾਈਆਂ ਗੱਲਾਂ ਕਿਤਾਬਾਂ ਵਿਚ ਲਿਖ ਦਿਤੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਦੀ ੭ ਅਕਤੂਬਰ ੧੯੪੫ ਨੂੰ ਕਰਤਾਰ ਪੁਰ ਭੇਜੀ ਸਬ ਕਮੇਟੀ ਨੇ ਇਹ ਬਿਆਨ ਦਿਤਾ:–

ਕਰਤਾਰਪੁਰ ਵਾਲੀ ਬੀੜ ਵਿਚ ਕਿਧਰੇ ਵੀ ਹੇਠ ਲਿਖੀਆਂ ਗੱਲਾਂ ਨਹੀਂ ਹਨ =

੧ ਗੁਰੂ ਬਾਬੇ ਦੇ ਕੁਲ ਪੱਤਰੇ ੯੭੪।

੨ ਸਿਆਹੀ ਕੀ ਬਿਧੀ।

੩ ਹਕੀਕਤ ਰਾਹ ਮੁਕਾਮ ਅਤੇ ਰਤਨਮਾਲਾ।

੪ ਸਲੋਕ ਬਾਇ ਆਤਸ ਆਬ ਅਤੇ ਜਿਤ ਦਰ ਲਖ ਮੁਹੰਮਦਾ।

ਆਲਮ ਕਵੀ ਬਾਰੇ:– ਰਾਗ ਮਾਲਾ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਆਲਮ ਕਵੀ ਦੀ ਲਿਖੀ ਮਾਧਵਨਲ ਅਤੇ ਕਾਮ ਕੰਦਲਾ ਦੇ ਕਿੱਸੇ ਵਿਚ ਰਾਗਮਾਲਾ ਲਿਖੀ ਹੋਈ ਹੈ, ਉਥੋਂ ਕਿਸੇ ਨੇ ਇਹ ਰਾਗਮਾਲਾ ਲੈ ਕੇ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਦਿਤੀ। ਵਿਰੋਧੀਆਂ ਵਲੋਂ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਆਲਮ ਕਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਣ ਤੋਂ ਪਹਿਲਾਂ ਅਕਬਰ ਦੇ ਸਮੇਂ ਵਿਚ ਹੋਇਆ ਹੈ। ਪਰ ਡਾਕਟਰ ਬਲਬੀਰ ਸਿੰਘ ਪੀ. ਐਚ. ਦੀ (ਲੰਡਨ) ਨੇ ਅਪਣੀ ਪੁਸਤਕ 'ਰਾਗਮਾਲਾ ਦਾ ਸਵਾਲ' ਵਿਚ ਆਲਮ ਕਵੀ ਦਾ ਸਮਾਂ ੧੭੧੨ ਬਿ. (੧੬੫੫ ਈ.) ਮੰਨਿਆ ਹੈ ਅਤੇ ਆਲਮ ਨੂੰ ਬਹਾਦਰ ਸ਼ਾਹ (ਸ਼ਹਿਜਾਦਾ ਮੁਅੱਜ਼ਮ) ਦਾ ਸਾਥੀ ਗਿਣਿਆ ਹੈ। ਔਰੰਗਜੇਬ ਨੇ ਕੁਝ ਸ਼ੱਕ ਪੈਣ ਤੇ ਸ਼ਹਿਜਾਦਾ ਮੁਅੱਜਮ ਨੂੰ ੧੭੪੪ ਬਿ. ਵਿਚ ਕੈਦ ਕਰ ਲਿਆ। ਇਸ ਵੇਲੇ ਕਵੀ ਆਲਮ ੧੭੪੫ ਬਿ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪਾਉਂਟਾ ਸਾਹਿਬ ਹਾਜਰ ਹੋਇਆ ਅਤੇ ਗੁਰੂ ਜੀ ਦੇ ਕਵੀਆਂ ਵਿਚ ਸ਼ਾਮਲ ਹੋ ਗਿਆ। ਕਵੀ ਆਲਮ ਗੁਰੂ ਦਰਬਾਰ ਵਿਚ ਸੱਤ ਸਾਲ ਦੇ ਕਰੀਬ ਰਿਹਾ, ਜਿੰਨਾ ਚਿਰ ਮੁਅਜ਼ਮ ਕੈਦ ਵਿਚ ਰਿਹਾ। ਆਲਮ ਨੇ ਗੁਰੂ ਜੀ ਦੀ ਸਿਫਤ ਕਰਦਿਆਂ ਕਈ ਕਬਿੱਤਾਂ ਲਿਖੀਆਂ ਹਨ। ਇਹ ਕਵੀ ਆਲਮ ਜਨਮ ਦਾ ਤਾਂ ਬ੍ਰਹਮਣ ਸੀ, ਪਰ ਇਕ ਲਿਲਾਰੀ ਦੀ ਲੜਕੀ ਸ਼ੇਖ ਵਾਸਤੇ ਮੁਸਲਮਾਨ ਹੋ ਗਿਆ, ਪਰ ਇਤਨਾ ਕੱਟੜ ਮੁਸਲਮਾਨ ਨਹੀਂ ਸੀ। ਮੁਸਲਮਾਨ ਬਣ ਕੇ ਵੀ ਇਸਦਾ ਮਨ ਹਿੰਦੂ ਰਿਹਾ। ਇਹ ਲਿਲਾਰਨ ਸ਼ੇਖ ਵੀ ਕਵੀ ਸੀ, ਇਸ ਦੇ ਵੀ ਗੁਰੂ ਜੀ ਦੀ ਉਸਤਤੀ ਵਿਚ ਕਈ ਛੰਦ ਹਨ, ਜੋ ਡਾਕਟਰ ਬਲਬੀਰ ਸਿੰਘ ਜੀ ਦੀ ਪੁਸਤਕ ਵਿਚ ਦੇਖੇ ਜਾ ਸਕਦੇ ਹਨ। ਆਲਮ ਕਵੀ ਦੀ ਮਾਧਵਨਲ ਕਾਮਕੰਦਲਾ ਪੋਥੀ ਅਕਬਰ ਦੇ ਜਮਾਨੇ ਵਿਚ ਹੋਏ ਕਵੀ ਜੋਧ ਦੀ ਲਿਖੀ ਸੰਸਕ੍ਰਿਤ ਦੀ ਪੁਸਤਕ ਦਾ ਖੁਲ੍ਹਾ ਅਨੁਵਾਦ ਹੈ। ਗੁਰੂ ਗ੍ਰੰਥ ਸਾਹਿਬ ਦੀ ਬੀੜ ਜੋਧ ਕਵੀ ਦੀ ਰੱਚੀ ਪੁਸਤਕ ਤੋਂ ਬਾਦ ਲਿਖੀ ਗਈ। ਪਰ ਆਲਮ ਕਵੀ ਦੀ ਪੁਸਤਕ ਮਾਧਵਨਲ ਕਾਮਕੰਦਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖੇ ਜਾਣ ਤੋਂ ਬਾਦ ਰਚੀ ਗਈ ਹੈ। ਮਜੇ ਦੀ ਗੱਲ ਇਹ ਹੈ ਕਿ ਜੋਧ ਕਵੀ ਨੇ ਜੋ ਮਾਧਵਨਲ ਕਾਮਕੰਦਲਾ ਸੰਸਕ੍ਰਿਤ ਵਿਚ ਲਿਖੀ, ਉਸ ਵਿਚ ਕੋਈ ਰਾਗਮਾਲਾ ਹੈ ਹੀ ਨਹੀ। ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਤੇ ਕੁਝ ਫਰਕ ਨਾਲ ਆਲਮ ਕਵੀ ਦੀ ਲਿਖੀ ਮਾਧਵਨਲ ਕਾਮਕੰਦਲਾ ਵਿਚ ਹੈ। ਇਹ ਰਾਗਮਾਲਾ ਆਲਮ ਕਵੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲੈ ਕੇ ਅਪਣੀ ਪੁਸਤਕ ਮਾਧਵਨਲ ਕਾਮਕੰਦਲਾ ਵਿਚ ਚੜ੍ਹਾਈ ਹੈ। ਆਲਮ ਬੇਸ਼ਕ ਇਕ ਲਿਲਾਰਨ ਖਾਤਰ ਮੁਸਲਮਾਨ ਹੋ ਗਿਆ ਸੀ, ਪਰ ਉਸਦੇ ਸੰਸਕਾਰ ਬ੍ਰਹਮਣਾਂ ਵਾਲੇ ਹੀ ਰਹੇ।

ਸ੍ਰੀ ਜਯੋਤੀ ਪ੍ਰਸ਼ਾਦ ਮਿਸ਼ਰ ਨਿਰਮਲ ਜੀ ਨੇ ਇਕ ਗ੍ਰੰਥ ਛਪਵਾਇਆ, ਜਿਸ ਦਾ ਨਾਮ ਹੈ,'ਸਤ੍ਰੀ ਕਵਿ ਕੌਮਦੀ' ਇਹ ਹਿੰਦੀ ਗੌਰਵ ਗ੍ਰੰਥ ਮਾਲਾ ਦਾ ੪੬ ਵਾਂ ਗ੍ਰੰਥ ਹੈ। ਮਿਸ਼ਰ ਜੀ ਆਲਮ ਤੇ ਸ਼ੇਖ ਬਾਰੇ ਲਿਖਦੇ ਹਨ:– ਸ਼ੇਖ ਔਰ ਆਲਮ ਕੀ ਕਵਿਤਾਓਂ ਕਾ ਏਕ ਸੰਗ੍ਰਹ 'ਆਲਮ ਕੇਲਿ' ਨਾਮ ਕਾ ਲਾਲਾ ਭਗਵਾਨ ਦੀਨ ਕੀ ਸੰਪਾਦਕਤਵ ਮੇਂ ਪ੍ਰਕਾਸ਼ਤ ਹੁਆ ਹੈ। ਪੁਸਤਕ ਕੇ ਅੰਤ ਮੇਂ ਲਿਖਾ ਹੈ, ਇਤਿ ਸ਼੍ਰੀ ਆਲਮ ਕ੍ਰਿਤ ਕਵਿਤ੍ਵ ਆਲਮ ਕੇਲਿ ਸਮਾਪਤਮ। ਸੰਬਤ ੧੭੫੩ ਬਿ. ਸਮਯੋਆਸਨ ਬਦੀ ਅਸਟਮੀ ਵਾਰ ਸ਼ੁਕਰ। ਇਸ ਕੇ ਸਿਵਾ ਮਾਧਵਨਲ ਕਾਮ–ਕੰਦਲਾ ਨਾਮਕ ਸੰਸਕ੍ਰਿਤ ਗ੍ਰੰਥ ਕਾ ਅਨੁਵਾਦ ਭੀ ਇਨ੍ਹੀ ਕਾ ਕੀਆ ਹੁਆ ਬਤਲਾਇਆ ਜਾਤਾ ਹੈ। ਸੋ ਮਿਸ਼ਰ

ਜੀ ਜਿਸ ਮਾਧਵਨਲ ਕਾਮ-ਕੰਦਲਾ ਦਾ ਕਰਤਾ ਆਲਮ ਨੂੰ ਦਸਦੇ ਹਨ, ਉਹ ਆਲਮ ਦਸ਼ਮੇਸ਼ ਜੀ ਦੇ ਸਮੇਂ ਵਿਚ ਹੋਇਆ ਹੈ, ਨਾ ਕਿ ਅਕਬਰ ਦੇ ਜਮਾਨੇ ਵਿਚ। ਉਸ ਦੀ ਲਿਖੀ ਪੁਸਤਕ ਮਾਧਵਨਲ ਕਾਮਕੰਦਲਾ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਲਿਖੀ ਹੋਈ ਕਿਵੇਂ ਸਿਧ ਹੋ ਸਕਦੀ ਹੈ?

ਆਲਮ ਦੀਆਂ ਰਚਨਾਵਾਂ ਵਿਚ ਗੁਰਬਾਣੀ ਦਾ ਕਾਫੀ ਪ੍ਰਭਾਵ ਹੈ। ਗੁਰਬਾਣੀ ਵਿਚ ਵਰਤੇ ਬਹੁਤ ਸਾਰੇ ਲਫਜਾਂ ਦੀ ਵਰਤੋਂ ਆਲਮ ਅਤੇ ਉਸ ਦੀ ਵਹੁਟੀ ਸ਼ੇਖ ਨੇ ਕੀਤੀ ਹੈ। ਮਿਸਾਲ ਦੇ ਤੌਰ ਤੇ ਦਸਮ ਗ੍ਰੰਥ ਅਕਾਲ ਉਸਤਤ ਵਿਚ ਇਕ ਤੁਕ ਆਉਂਦੀ ਹੈ,'ਹਾਥੀ ਕੀ ਪੁਕਾਰ ਪਲ ਪਾਛੇ ਪਹੁੰਚਤ ਤਾਂਹਿ, ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤ ਹੈ'। ਇਹ ਤੁਕ ਤਕਰੀਬਨ ਇਸੇ ਸ਼ਕਲ ਵਿਚ ਆਲਮ ਦੀ ਵਹੁਟੀ ਸ਼ੇਖ ਦੇ ਇਕ ਛੰਦ ਵੀ ਮੌਜੂਦ ਹੈਃ- 'ਹਾਥੀ ਕੀ ਹੰਕਾਰ ਪਲ ਪਾਛੈ ਪਹੁੰਚਨ ਪਾਵੈ, ਚੀਟੀ ਕੀ ਚਿੰਘਾਰ ਪਹਿਲੇ ਹੀ ਪਹੁੰਚਤ ਹੈ'। ਗੁਰੂ ਦਸ਼ਮੇਸ਼ ਜੀ ਨੇ ਅਕਾਲ ਪੁਰਖ ਦੀ ਉਸਤਤ ਕੀਤੀ ਅਤੇ ਸ਼ੇਖ ਨੇ ਇਹ ਤੁਕ ਗੁਰੂ ਦਸਮੇਸ਼ ਜੀ ਦੀ ਉਸਤਤ ਕਰਦਿਆਂ ਲਿਖੀ ਪ੍ਰਤੀਤ ਹੁੰਦੀ ਹੈ। ਇਹ ਤੁਕਾਂ ਸ਼ੇਖ ਨੇ ਅਕਾਲ ਉਸਤਤ ਲਿਖੇ ਜਾਣ ਤੋਂ ਪਿਛੋਂ ਲਿਖੀਆਂ ਹਨ। ਜਿਸ ਤੋਂ ਸਿਧ ਹੁੰਦਾ ਹੈ ਕਿ ਆਲਮ ਕਵੀ ਅਕਬਰ ਦੇ ਸਮੇਂ ਵਿਚ ਨਹੀ, ਗੁਰੂ ਦਸਮੇਸ਼ ਜੀ ਦੇ ਸਮੇਂ ਵਿਚ ਹੋਇਆ ਹੈ। ਤੇਜਾ ਸਿੰਘ ਭਸੌੜ ਨੇ ਅਪਣੇ ਵਲੋਂ ਤੁਕ ਦੇ ਲਫਜ਼ ਹੀ ਬਦਲ ਦਿਤੇ, ਉਨ੍ਹਾਂ ਨੇ ਅਪਣੇ ਵਲੋਂ ਸੋਧ ਕੇ ਇਸ ਤਰ੍ਹਾਂ ਤੁਕ ਲਿਖੀ ਹੈਃ- ਹਾਥੀ ਕੀ ਚਿੰਘਾਰ ਪਲ ਪਾਛੈ ਪਹੁੰਚਤ ਤਾਹਿ, ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ। ਗੁਰੂ ਜੀ ਦਾ ਮਤਲਬ, ਹਾਥੀ ਦੀ ਪੁਕਾਰ ਅਤੇ ਚੀਟੀ ਦੀ ਚਿਘਾਰ ਤੋਂ ਕੀ ਹੈ, ਤੇਜਾ ਸਿੰਘ ਜੀ ਨੇ ਸਮਝਣ ਦੀ ਕੋਸ਼ਿਸ ਨਹੀ ਕੀਤੀ ਕਿ ਗੁਰੂ ਜੀ ਦਾ ਚੀਟੀ ਕੀ ਚਿੰਘਾਰ ਲਿਖਣ ਤੋਂ ਕੋਈ ਖਾਸ ਭਾਵ ਹੋਣਾ ਹੈ। ਗੁਰੂ ਜੀ ਦਾ ਚੀਟੀ ਦੀ ਚਿੰਘਾਰ ਤੋਂ ਮਤਲਬ ਹੈ ਕਿ ਵਾਹਿਗੁਰੂ ਸਭ ਦੀਆਂ ਪੁਕਾਰਾਂ ਸੁਣਦਾ ਹੈ, ਹਾਥੀ ਦੇ ਮੁਕਾਬਲੇ ਤੇ ਕੀੜੀ ਬੇਸ਼ਕ ਨਿੱਕਾ ਜੀਵ ਹੈ, ਪਰ ਵਾਹਿਗੁਰੂ ਦੇ ਸਾਮਹਣੇ ਚੀਟੀ ਦੀ ਪੁਕਾਰ ਇਕ ਹਾਥੀ ਦੀ ਚਿੰਘਾੜ ਦੇ ਬਰਾਬਰ ਹੈ। ਆਲਮ ਤੇ ਸ਼ੇਖ ਗੁਰੂ ਦਰਬਾਰ ਤੋਂ ਪ੍ਰਭਾਵਤ ਹੋਇਆਂ ਨੇ ਗੁਰਬਾਣੀ ਵਿਚੋਂ ਐਸੀਆਂ ਤੁਕਾਂ ਲੈ ਕੇ ਉਨ੍ਹਾਂ ਦੀ ਵਰਤੋਂ ਅਪਣੀਆਂ ਰਚਨਾਵਾਂ ਵਿਚ ਕੀਤੀ ਅਤੇ ਇਸੇ ਤਰ੍ਹਾਂ ਰਾਗਮਾਲਾ ਲੈ ਕੇ ਅਪਣੀ ਪੁਸਤਕ ਮਾਧਵਨਲ ਕਾਮਕੰਦਲਾ ਵਿਚ ਚੜ੍ਹਾਈ ਹੈ। ਇਸ ਆਲਮ ਕਵੀ ਅਤੇ ਸ਼ੇਖ ਬਾਬਤ ਬਾਬੂ ਰਾਮ ਨਰੇਸ਼ ਤ੍ਰਿਪਾਠੀ ਲਿਖਦੇ ਹਨਃ- ਆਲਮ ਔਰ ਸ਼ੇਖ ਕੀ ਕਵਿਤਾਓਂ ਕਾ ਏਕ ਸੰਗ੍ਰਹਿ ਆਲਮ ਕੇਲ ਕੇ ਨਾਮ ਸੇ ਪ੍ਰਕਾਸ਼ਤ ਹੂਆ ਔਰ ਮਾਧਵਨਲ ਕਾਮਕੰਦਲਾ ਗ੍ਰੰਥ ਭੀ ਇਨਹੀ ਕਾ ਰਚਾ ਹੂਆ ਕਹਾ ਜਾਤਾ ਹੈ। ਯੇ ਆਲਮ, ਔਰੰਗਜੇਬ ਕੇ ਸਮੇਂ ਮੇਂ ਥੇ ਔਰ ਸ਼ਹਿਜਾਦਾ ਮੁਅਜ਼ਮ (ਬਹਾਦਰ ਸ਼ਾਹ) ਪਾਸ ਰਹਾ ਕਰਤੇ ਥੇ। ਇਹ ਸਾਰੇ ਪ੍ਰਮਾਣ ਸਿਧ ਕਰਦੇ ਹਨ ਕਿ ਆਲਮ ਅਕਬਰ ਦੇ ਸਮੇਂ ਨਹੀ, ਔਰੰਗਜੇਬ ਦੇ ਸਮੇਂ ਵਿਚ ਹੋਇਆ ਹੈ, ਜੋ ੧੭੪੫ ਬਿ. ਤੋਂ ਲੈ ਕੇ ੧੭੫੫ ਬਿ. ਵਿਚਕਾਰ ਗੁਰੂ ਦਸ਼ਮੇਸ਼ ਕੋਲ ਵੀ ਰਿਹਾ ਹੈ।

ਦਸਮ ਗ੍ਰੰਥ ਵਿਚ ੪੦੪ ਚਰਿਤ੍ਰਾਂ ਵਾਲੀ ਇਕ ਬਾਣੀ ਹੈ ਜਿਸਦੇ ਲਿਖੇ ਜਾਣ ਦਾ ਸੰਮਤ ੧੭੫੩ ਬਿ. ਬਾਣੀ ਵਿਚ ਲਿਖਿਆ ਮਿਲਦਾ ਹੈ। ਸੰਮਤ ਸਤ੍ਰਹ ਸਹਸ ਭਣਿਜੈ। ਅਰਧ ਸਹਸ ਫੁਨਿ ਤੀਨ ਕਹਿਜੈ। ਭਾਦ੍ਰਵ ਸੁਦੀ ਅਸ਼ਟਮੀ ਰਵਿਵਾਰਾ। ਤੀਰ ਸਤੱਦ੍ਰਵ ਗ੍ਰੰਥ ਸੁਧਾਰਾ। (ਦਸਮ ਗ੍ਰੰਥ, ਚਰਿਤ੍ਰੋ ਪਖਿਆਨ)। ਚਰਿਤ੍ਰੋ ਪਖਿਆਨ ਦੇ ੪੦੪ ਚਰਿਤ੍ਰਾਂ ਵਿਚੋਂ ੯੧ ਵਾਂ ਚਰਿਤ੍ਰ 'ਮਾਧਵਨਲ ਕਾਮਕੰਦਲਾ' ਦਾ ਹੈ। ਅਲਮ ਨੇ ਜੋ ਕਿੱਸਾ ਬਣਾਇਆ ਹੈ, ਉਹ ਜੋਧ ਕਵੀ ਵਲੋਂ ਸੰਸਕ੍ਰਿਤ ਵਿਚ ਲਿਖੀ ਮਾਧਵਨਲ ਕਾਮਕੰਦਲਾ ਦਾ ਉਲਥਾ ਹੈ, ਪਰ ਦਸਮ ਗ੍ਰੰਥ ਦੇ ਅਸਰ ਤੋਂ ਖਾਲੀ ਨਹੀਂ। ਕਿਤੇ ਕਿਤੇ ਐਸਾ ਮਾਲੂਮ ਹੁੰਦਾ ਹੈ ਕਿ ਆਲਮ ਨੇ ਤੁਕ ਦੀ ਤੁਕ ਦਸਮ ਗ੍ਰੰਥ ਦੇ ੯੧ ਵੇਂ ਚਰਿਤ੍ਰ ਵਿਚੋਂ ਚੁਕ ਕੇ ਵਰਤ ਲਈ ਹੈ। ਦਸਮ ਗ੍ਰੰਥ ਦੇ ੯੧ ਵੇਂ ਚਰਿਤ੍ਰ ਦੀ ਪਹਿਲੀ ਚੌਪਈ ਦੀ ਇਹ ਤੁਕਃ- ਮਧੁਰ ਮਧੁਰ ਧੁਨਿ ਬੇਨ ਬਜਾਵੈ। ਐਨ ਇਹੋ ਤੁਕ ਆਲਮ ਨੇ ਵੀ ਅਪਣੀ ਮਾਧਵਨਲ ਕਾਮਕੰਦਲਾ ਵਿਚ ਵਰਤੀ ਹੈ = ਮਧੁਰ ਮਧੁਰ ਧੁਨਿ ਬੇਨ ਬਜਾਵੈ। ਦੋਹਾਂ ਹਾਲਤਾਂ ਵਿਚ ਇਕੋ ਜਿਹੇ ਅਖਰ ਵਰਤੇ ਮਿਲਦੇ ਹਨ, ਕੋਈ ਫਰਕ ਨਹੀ। ਇਸ ਤਰ੍ਹਾਂ ਦੀਆਂ ਬਹੁਤ ਤੁਕਾਂ ਆਲਮ ਨੇ ਦਸਮ ਗ੍ਰੰਥ ਵਿਚੋਂ ਲਈਆਂ ਲਗਦੀਆਂ ਹਨ, ਕਿਉਂਕਿ ਆਲਮ ਖੁਦ ਲਿਖਦਾ ਹੈ ਕਿ ਮੈਂ ਇਹ ਕਵਿਤਾ ਕੁਛ ਆਪ ਬਣਾਈ ਹੈ ਤੇ ਕੁਛ ਚੋਰੀ ਕੀਤੀ ਹੈ। ਇਹ ਚੋਰੀ ਜਰੂਰ ਦਸਮ ਗ੍ਰੰਥ ਵਿਚੋਂ ਹੀ ਕੀਤੀ ਜਾਪਦੀ ਹੈ। ਕਿਉਂਕਿ ਆਲਮ ਦੀ ਰਚਨਾ ਦੀਆਂ ਬਹੁਤ ਸਾਰੀਆਂ ਤੁਕਾਂ ਦਸਮ ਗ੍ਰੰਥ ਦੇ ੯੧ ਵੇਂ ਚਰਿਤ੍ਰ ਦੀਆਂ ਤੁਕਾਂ ਨਾਲ ਮਿਲਦੀਆਂ ਹਨ। ਆਲਮ ਦਾ ਕਥਨ ਹੈਃ- ਕਛੁ ਅਪਨੀ ਕਛੁ ਪਰ ਕੀ ਚੋਰੀ। ਜਥਾ ਸ਼ਕਤਿ ਯਹ ਹੈ ਮਤ ਮੋਰੀ। ਜਿਸ ਵੇਲੇ ਆਲਮ ਨੂੰ ੯੧ ਵੇਂ ਚਰਿਤ੍ਰ ਦੇ ਮੁਕਾਬਲੇ ਤੇ ਰਖ ਕੇ ਪੜ੍ਹੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਆਲਮ ਕਈ ਗੱਲਾਂ ਵਿਚ, ਜਦ ਉਹ ਜੋਧ ਦੀ ਛਾਯਾ ਤੋਂ ਪਰੇ ਹੁੰਦਾ ਹੈ, ਤਾਂ ਉਹ ਦਸਮ ਗ੍ਰੰਥ ਦੀ ਸ਼ਰਣ ਲੈਂਦਾ ਹੈ। ਆਲਮ ਦੀ ਪੁਸਤਕ ਵਿਚ ਬਹੁਤ ਕੁਛ ਦਸਮ ਗ੍ਰੰਥ ਤੋਂ ਲਿਆ ਹੋਇਆ ਹੈ, ਇਸ ਕਰਕੇ ਆਲਮ ਦੀ ਰਚਨਾ ਕਿਸੇ ਵੀ ਸੂਰਤ ਵਿਚ ੧੭੫੩ ਬਿ. ਤੋਂ ਪਹਿਲਾਂ ਦੀ ਨਹੀ ਹੈ। ਫਿਰ ਆਲਮ ਅਤੇ ਇਸ ਦੀ ਪਤਨੀ ਸ਼ੇਖ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤ ਸਿਫਤ ਕੀਤੀ ਹੈ। ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ, ਭੋਜ ਕੀ ਸੀ ਮੌਜ ਤੇਰੇ ਰੋਜ ਰੋਜ ਪਾਈਏ (ਆਲਮ)। ਸ਼ੇਖ ਕਹਿੰਦੀ ਹੈ = ਹਾਥੀ ਕੀ ਹੁੰਕਾਰ ਪਲ ਪਾਛੈ ਪਹੁੰਚਨ ਪਾਵੈ, ਚੀਟੀ ਕੀ ਚਿੰਘਾਰ ਪਹਿਲੇ ਹੀ ਪਹੁੰਚਤ ਹੈ (ਸ਼ੇਖ)। ਦਸਮੇਸ਼ ਜੀ ਨੇ ਅਪਣਾ ਕਵੀ ਦਰਬਾਰ ਸੰ. ੧੭੫੫ ਬਿ. ਨੂੰ ਬਰਖਾਸਤ

ਕਰ ਦਿਤਾ ਸੀ, ਕਿਉਂਕਿ ਰਾਜਨੀਤਕ ਹਾਲਾਤ ਹੀ ਇਹੋ ਜਿਹੇ ਪੈਦਾ ਹੋ ਰਹੇ ਸਨ।ਇਸ ਤੋਂ ਅਗਲੇ ਸਾਲ (ਸੰ.੧੭੫੬ ਬਿ. ਭਾਵ ੧੬੯੯ ਈ.) ਵਿਚ ਖਾਲਸਾ ਸਾਜਿਆ।ਕਵੀਆਂ ਦੇ ਲਿਖੇ ਬਹੁਤੇ ਗਰੰਥ ਖਿੰਡ ਪੁੰਡ ਗਏ ਜਾਂ ਸਰਸਾ ਵਿਚ ਰੁੜ੍ਹ ਗਏ।

ਆਲਮ ਅਤੇ ਰਾਗਮਾਲਾਃ- ਜੋਧ ਕਵੀ ਦੀ ਸੰਸਕ੍ਰਿਤ ਰਚਨਾ ਇਹ ਨਹੀ ਦਸਦੀ ਕਿ ਕਾਮਕੰਦਲਾ ਕਿਹੜਾ ਰਾਗ ਗਾਉਂਦੀ ਹੈ।ਆਲਮ ਗੁਰੂ ਦਰਬਾਰ ਵਿਚ ਰਿਹਾ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦਾ ਜਾਣੂ ਹੈ।ਇਸ ਕਰਕੇ ਆਲਮ ਦੀ ਕਾਮਕੰਦਲਾ ਸਿਲਸਿਲੇ ਵਾਰ ਸਾਰੀ ਰਾਗਮਾਲਾ ਗਾ ਦਿੰਦੀ ਹੈ।ਜੋਧ ਕਵੀ ਦੇ ਸੰਸਕ੍ਰਿਤ ਦੀ ਮੂਲ ਰਚਨਾ ਵਿਚ ਆਲਮ ਇਥੇ ਫਰਕ ਪਾ ਦਿੰਦਾ ਹੈ। ਮਾਧਵਨਲ ਕਾਮਕੰਦਲਾ ਦੇ ਕਿੱਸੇ ਹੋਰ ਵੀ ਕਈ ਕਵੀਆਂ ਨੇ ਲਿਖੇ ਹਨ, ਪਰ ਕਾਮਕੰਦਲਾ ਕੋਲੋਂ ਰਾਗਮਾਲਾ ਕਿਸੇ ਨੇ ਨਹੀ ਗਵਾਈ। ਸਭ ਨੇ ਰਾਜ ਸਭਾ ਵਿਚ ਕਾਮ ਕੰਦਲਾ ਦਾ ਗਾਉਣਾ ਅਤੇ ਨੱਚਣਾ ਤਾਂ ਮੰਨਿਆ ਹੈ ਪਰ ਰਾਗਮਾਲਾ ਕਿਸੇ ਨੇ ਨਹੀਂ ਗਵਾਈ।

ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ।ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ(੧੪੩੦)।ਰਾਗਮਾਲਾ ਦੇ ਵਿਰੋਧੀਆਂ ਅਨੁਸਾਰ ਪ੍ਰਸੰਗ ਤਾਂ ਹੈ ਕਾਮਕੰਦਲਾ ਦੇ ਗਾਉਣ ਦਾ।ਪਰ ਇਹ ਉਪਰੋਕਤ ਤੁਕਾਂ ਐਸੀਆਂ ਹਨ, ਜੋ ਦਸਦੀਆਂ ਹਨ ਕਿ ਗਾਉਣ ਵਾਲੇ ਕੁਛ ਰਾਗਾਂ ਨੂੰ ਆਪੋ ਅਪਣੇ ਢੰਗ ਅਨੁਸਾਰ ਗਾਉਂਦੇ ਹਨ।ਇਹ ਰਾਜ ਸਭਾ ਵਿਚ ਹੋ ਰਹੇ ਸੰਗੀਤ ਦਾ ਨਕਸ਼ਾ ਨਹੀਂ, ਬਲਕਿ ਆਪੋ ਅਪਣੇ ਢੰਗ ਅਨੁਸਾਰ ਰਾਗਾਂ ਨੂੰ ਗਾਉਣ ਦੀ ਖੁਲ੍ਹ ਦੀ ਹਦਾਇਤ ਹੈ।ਅਸਟ ਪੁਤ੍ਰ ਮੈ ਕਹੇ ਸਵਾਰੀ...ਇਹ ਤੁਕ ਰਾਗਮਾਲਾ ਰਚਣ ਵਾਲਾ ਕੋਈ ਸੰਗੀਤ ਕਾਰ ਹੀ ਕਹਿ ਸਕਦਾ ਹੈ ਕਿ ਮੈਂ ਅੱਠ ਪੁਤ੍ਰਾਂ ਦੇ ਨਾਮ ਸੋਧ ਕੇ ਲਿਖੇ ਹਨ, ਇਨ੍ਹਾਂ ਨਾਵਾਂ ਵਿਚ ਕੋਈ ਸ਼ੰਕਾ ਨਹੀਂ ।ਇਸ ਤੁਕ ਦਾ ਸਬੰਧ ਕਾਮਕੰਦਲਾ ਦੇ ਨੱਚਣ ਗਾਉਣ ਨਾਲ ਨਹੀਂ।ਇਸੇ ਤਰ੍ਹਾਂ ਹੋਰ ਤੁਕਾਂ ਹਨ, ਜੋ ਕਾਮਕੰਦਲਾ ਦੇ ਗਾਉਣ ਦੇ ਮਜਮੂਨ ਨਾਲ ਅਪ੍ਰਸੰਗਕ ਹਨ।ਇਕ ਹੋਰ ਇਤਰਾਜ ਉਠਾਇਆ ਜਾਂਦਾ ਹੈਃ- ਖਸਟ ਰਾਗ ਉਨਿ ਗਾਏ...।ਸੁਆਲ ਇਹ ਕੀਤਾ ਜਾਂਦਾ ਹੈ ਕਿ ਉਨਿ ਤੋਂ ਕੀ ਮੁਰਾਦ ਹੈ? ਕਿਸ ਨੇ ਖਸਟ ਰਾਗ ਗਾਏ? ਰਾਗਮਾਲਾ ਦੇ ਵਿਰੋਧੀ ਕਹਿੰਦੇ ਹਨ ਕਿ ਉਨਿ ਤੋਂ ਮਤਲਬ ਕਾਮਕੰਦਲਾ ਦਾ ਹੈ, ਕਾਮਕੰਦਲਾ ਨੇ ਖਸਟ ਰਾਗ ਗਾਏ।ਉਤਰ = ਰਾਗਮਾਲਾ ਲਿਖਣ ਵਾਲਾ ਲੇਖਕ ਰਾਗਾਂ ਦੀ ਇਕ ਜਮਾਤ ਬੰਦੀ ਕਰਦਾ ਹੈ।ਫਿਰ ਉਨ੍ਹਾਂ ਰਾਗਾਂ ਨੂੰ ਕਿਸੇ ਕੋਲੋ ਗਵਾਉਂਦਾ ਹੈ, ਕੋਈ ਜਰੂਰੀ ਨਹੀ ਕਿ ਗਾਉਣਵਾਲੀ ਕਾਮਕੰਦਲਾ ਹੀ ਹੋਵੇ।ਮਿਸਾਲ ਦੇ ਤੌਰ ਤੇ ਗੁਰੂ ਨਾਨਕ ਦੇਵ ਜੀ ਰਚੇ ਕਈ ਸ਼ਬਦ ਐਸੇ ਹਨ, ਜਿਨ੍ਹਾਂ ਵਿਚ ਉਹ ਕਿਸੇ ਦੇ ਪ੍ਰਸ਼ਨ ਦਾ ਉਤਰ ਦੇਂਦੇ ਹਨ।ਫਿਰ ਗਾਏ ਲਫਜ ਭੂਤਕਾਲ ਸੂਚਕ ਹੈ ਅਤੇ ਉਨਿ ਬਹੁ ਵਚਨ।ਉਨ੍ਹਾਂ ਨੇ ਗਾਏ, ਕਿਨ੍ਹਾਂ ਨੇ, ਜੋ ਗਵੱਈਏ ਇਨ੍ਹਾਂ ਰਾਗਾਂ ਨੂੰ ਗਾਉਂਦੇ ਹਨ।

ਰਾਗਮਾਲਾ ਕਿਉਂ ਚੜ੍ਹਾਈ = ਸਾਰਾ ਗੁਰੂ ਗ੍ਰੰਥ ਸਾਹਿਬ ਰਾਗਾਂ ਵਿਚ ਹੈ।ਰਾਗ ਦੇ ਕਈ ਮੱਤ ਸਾਡੇ ਦੇਸ਼ ਵਿਚ ਪ੍ਰਚਲਤ ਹਨ, ਹਰੇਕ ਮੱਤ ਦੀ ਵਖੋ ਵਖਰੀ ਰਾਗਮਾਲਾ ਹੈ।ਜਿਸ ਤੋਂ ਉਨ੍ਹਾਂ ਮੱਤਾਂ ਦੇ ਰਾਗਾਂ ਦੀ ਵੰਡ ਦਾ ਪਤਾ ਚਲਦਾ ਹੈ ਅਤੇ ਇਹ ਜਾਚ ਆਉਂਦੀ ਹੈ ਕਿ ਉਸ ਰਾਗ ਨੂੰ ਕਿਸ ਤਰ੍ਹਾਂ ਗਾਇਆ ਜਾਵੇ।ਗੁਰੂ ਅਰਜਨ ਦੇਵ ਜੀ ਲਈ ਸਿੱਖਾਂ ਨੂੰ ਇਹ ਦਸਣਾ ਜਰੂਰੀ ਸੀ ਕਿ ਕਿਸ ਰਾਗਮਾਲਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨੂੰ ਗਾਉਣਾ ਹੈ।ਇਸ ਲਈ ਰਾਗਮਾਲਾ ਅੰਤ ਵਿਚ ਦਿਤੀ ਹੈ।ਇਹ ਇਤਰਾਜ ਫਜੂਲ ਹੈ ਕਿ ਰਾਗਮਾਲਾ ਵਾਲੇ ਸਾਰੇ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ।ਰਾਗਮਾਲਾ ਵਿਚ ਰਾਗਾਂ ਦੀ ਵੰਡ ਦਾ ਦਸਣਾ ਜਰੂਰੀ ਸੀ ਤਾਂ ਕਿ ਜੋ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ, ਉਨ੍ਹਾਂ ਦੇ ਗਾਉਣ ਦੇ ਤਰੀਕੇ ਦਾ ਪਤਾ ਲਗ ਜਾਵੇ।ਜਿਹੜੇ ਰਾਗ ਰਾਗਣੀਆਂ ਜਾਂ ਉਨ੍ਹਾਂ ਦੇ ਪੁਤ੍ਰ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ, ਉਨ੍ਹਾਂ ਦਾ ਥਹੁ ਪਤਾ ਰਾਗੀਆਂ ਨੂੰ ਤਦੇ ਹੀ ਲਗ ਸਕਦਾ ਸੀ, ਜਦ ਰਾਗਾਂ ਦੀ ਪੂਰੀ ਵੰਡ ਦਾ ਚਿਤ੍ਰ ਉਨ੍ਹਾਂ ਦੇ ਸਾਮ੍ਹਣੇ ਹੋਵੇ।ਇਥੇ ਇਹ ਸਵਾਲ ਨਹੀਂ ਕਿ ਰਾਗਮਾਲਾ ਕਿਸ ਨੇ ਲਿਖੀ? ਕੋਈ ਵੀ ਬਾਣੀ ਕਿਸੇ ਦੀ ਵੀ ਰਚੀ ਹੋਈ ਹੋਵੇ, ਜਦ 'ਗੁਰੂ ਅਰਜਨ ਪ੍ਰਤੱਖ ਹਰਿ' ਨੇ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਦਿਤੀ ਹੈ ਤਾਂ ਹਰ ਗੁਰ ਸਿੱਖ ਨੂੰ ਪ੍ਰਵਾਨ ਕਰਕੇ ਸ਼ਰਧਾ ਨਾਲ ਪੜ੍ਹਨੀ ਚਾਹੀਦੀ ਹੈ।ਇਕ ਸੁਘੜ ਅਤੇ ਚੰਗੇ ਸੰਗੀਤਕਾਰ ਕਵੀ ਦੀ ਰਚਨਾ ਹੈ, ਜਿਸ ਵਿਚ ਛੇ ਮੁੱਖ ਰਾਗਾਂ ਦੀਆਂ ਤੀਹ ਰਾਗਣੀਆਂ ਅਤੇ ਰਾਗਾਂ ਦੇ ੪੮ ਪੁਤ੍ਰਾਂ ਦੇ ਨਾਮ ਛੰਦਾ ਬੰਦੀ ਕਰਕੇ ਸਾਇੰਟਿਫਿਕ ਢੰਗ ਨਾਲ ਇਕ ਸੁੰਦਰ ਮਾਲਾ ਵਿਚ ਪ੍ਰੋਤੇ ਹੋਏ ਹਨ।ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦੇ ਰਾਗਾਂ ਦੀ ਵੰਡ ਨੂੰ ਮੰਨੇ ਪ੍ਰਮੰਨੇ ਸੰਗੀਤਕਾਰਾਂ ਅਤੇ ਹੋਰ ਰਾਗ ਵਿਦਿਆ ਦੇ ਮਾਹਿਰ ਵੱਡੇ ਵੱਡੇ ਉਸਤਾਦਾਂ ਨੇ ਵੀ ਪ੍ਰਵਾਨ ਕੀਤਾ ਹੈ।

ਰਾਗਮਾਲਾ ਦੇ ਵਿਰੋਧੀ ਕੁਝ ਹੋਰ ਸ਼ੰਕੇ ਉਠਾਉਂਦੇ ਹਨ, (੧) ਰਾਗਮਾਲਾ ਦੇ ਅਰੰਭ ਵਿਚ ਕੋਈ ਮਹੱਲਾ ਨਹੀਂ। (੨) ਹੋਰ ਸਾਰੇ ਸ਼ਬਦਾਂ ਵਿਚ ਜਿਵੇਂ ਨਾਨਕ ਪਦ, ਭਗਤਾਂ ਦੀ ਬਾਣੀ ਵਿਚ ਭਗਤਾਂ ਨਾਮ ਆਉਂਦਾ ਹੈ ਅਤੇ ਭੱਟਾਂ ਦੇ ਸਵੱਈਆਂ ਵਿਚ ਭੱਟਾਂ ਦਾ ਨਾਮ ਹੈ, ਰਾਗਮਾਲਾ ਵਿਚ ਇਸ ਨੂੰ ਲਿਖਣ ਵਾਲੇ ਕਿਸੇ ਲਿਖਾਰੀ ਦਾ ਨਾਮ ਨਹੀਂ ਹੈ।

ਉਤਰਃ- ਜਪੁ ਜੀ ਸਾਹਿਬ ਦੇ ਆਦਿ ਵਿਚ ਕੋਈ ਮਹੱਲਾ ਨਹੀਂ ਹੈ।ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਐਸੇ ਸ਼ਬਦ, ਸਲੋਕ, ਪਉੜੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਉਚਾਰਣ ਵਾਲੇ ਦਾ ਨਾਮ ਨਹੀ।ਜਪੁ ਜੀ ਸਾਹਿਬ ਦੀਆਂ ੧੨ ਪੌੜੀਆਂ ਵਿਚ ਨਾਨਕ ਪਦ ਨਹੀ ਹੈ, ੬ ਵੀਂ ਪੌੜੀ ਤੀਰਥਿ ਨਾਵਾ...,੧੨ ਵੀਂ, ੧੩ ਵੀਂ, ੧੪ ਵੀਂ, ੧੬ ਵੀਂ, ੧੭ ਵੀ, ੧੯ਵੀਂ, ੨੩ ਵੀਂ, ੨੮ ਵੀਂ, ੨੯ ਵੀਂ,

੩੦ ਵੀਂ, ੩੬ ਵੀਂ ਆਦਿ ਬਾਰਾਂ ਪੌੜੀਆਂ ਵਿਚ ਨਾਨਕ ਪਦ ਨਹੀ ਹੈ, ਤਾਂ ਕੀ ਇਹ ਪੌੜੀਆਂ ਕਿਸੇ ਹੋਰ ਨੇ ਲਿਖ ਕੇ ਜਪੁ ਜੀ ਸਾਹਿਬ ਵਿਚ ਪਾ ਦਿਤੀਆਂ ਹਨ? ਨਹੀਂ, ਜਪੁ ਜੀ ਸਾਹਿਬ ਦੀਆਂ ਇਹ ਸਾਰੀਆਂ ਪੌੜੀਆਂ ਹੋਰਨਾਂ ਪੌੜੀਆਂ ਵਾਂਗ ਗੁਰੂ ਨਾਨਕ ਦੇਵ ਜੀ ਦੀਆਂ ਹੀ ਉਚਾਰਣ ਕੀਤੀਆਂ ਹੋਈਆਂ ਹਨ। ਕਲ੍ਹ ਨੂੰ ਕੋਈ ਇਹ ਵੀ ਕਹਿ ਸਕਦਾ ਹੈ ਕਿ ਜਪੁਜੀ ਦੇ ਅਰੰਭ ਵਿਚ ਮਹੱਲਾ ਨਹੀਂ, ਇਹ ਤਾਂ ਗੁਰਬਾਣੀ ਹੀ ਨਹੀ। ਪਰ ਸਾਰੀ ਦੁਨੀਆਂ ਜਾਣਦੀ ਹੈ ਕਿ ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਜੇ ਬਾਣੀ ਦੇ ਆਦਿ ਵਿਚ ਮਹੱਲਾ ਲਿਖਿਆ ਅਤੇ ਨਾਨਕ ਪਦ ਵਰਤਿਆ ਹੋਇਆ ਹੋਣ ਤੇ ਹੀ ਕਿਸੇ ਬਾਣੀ ਨੂੰ ਪ੍ਰਵਾਣ ਕਰਨ ਦੀ ਕਸਵੱਟੀ ਵਰਤਣਾ ਹੈ, ਤਾਂ ਬਹੁਤ ਬਾਣੀਆਂ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀਆਂ ਹਨ, ਜਿਨ੍ਹਾਂ ਦੇ ਆਦਿ ਵਿਚ ਮਹੱਲਾ ਵੀ ਹੈ ਤੇ ਉਨ੍ਹਾ ਵਿਚ ਨਾਨਕ ਪਦ ਵੀ ਹੈ। ਫਿਰ ਉਨ੍ਹਾਂ ਨੂੰ ਵੀ ਗੁਰਬਾਣੀ ਮੰਨ ਲੈਣਾ ਚਾਹੀਦਾ ਹੈ, ਜਿਵੇਂਃ- ਰਤਨਮਾਲਾ ਤੇ ਬਾਇ ਆਤਸ਼ ਆਬ ਆਦਿਕ ਬਾਣੀਆਂ ਹਨ (ਰਤਨਮਾਲਾ ਮਹਲਾ ੧, ਹਰੇਕ ਪਉੜੀ ਵਿਚ ਨਾਨਕ ਪਦ ਵੀ ਹੈ, ਜਿਵੇਂ ਕਿਃ- ਨਾਨਕ ਕਹੈ ਸੋਈ ਅਉਧੂਤ..,ਨਾਨਕ ਕਹੈ ਸੋਈ ਉਦਾਸੀ..। ਪਰ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਬਾਣੀਆਂ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਉਚਾਰੀ ਹੋਈ ਬਾਣੀ ਨਹੀ ਮੰਨਿਆ, ਇਸੇ ਕਰਕੇ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਨਹੀ ਚੜ੍ਹਾਇਆ ਗਿਆ। ਇਸੇ ਤਰ੍ਹਾਂ ਬਾਬਾ ਫਰੀਦ ਸਾਹਿਬ ਦੇ ਸਲੋਕਾਂ ਵਿਚ ੧੧੨ ਵੇਂ ਸਲੋਕ ਤੋਂ ੧੧੭ ਵੇਂ ਸਲੋਕ ਤਕ, ੧੧੯, ੧੨੦, ੧੨੨ ,੧੨੩ ਸਲੋਕਾਂ ਵਿਚ ਅਤੇ ੧੨੫ ਵੇਂ ਸਲੋਕ ਤੋਂ ਲੈ ਕੇ ੧੩੦ ਵੇਂ ਸਲੋਕ ਤਕ ਦੇ ੬ ਸਲੋਕਾਂ ਵਿਚ ਨਾ ਮਹੱਲਾ ਹੈ ਅਤੇ ਨਾ ਫਰੀਦ ਅਤੇ ਨਾ ਹੀ ਨਾਨਕ ਪਦ ਹੈ। ਇਸੇ ਤਰ੍ਹਾਂ ਸਲੋਕ ਵਾਰਾਂ ਤੇ ਵਧੀਕ ਵਿਚ ਵੀ ਗੁਰੂ ਅਰਜਨ ਦੇਵ ਜੀ ਦੇ ੨੧ ਵੇਂ ਸਲੋਕ (ਖੰਭ ਵਿਕਾਂਦੜੇ ਜੇ ਲਹਾਂ...) ਅਤੇ ੨੨ ਵੇਂ ਸਲੋਕ (ਸਜਣ ਸਚਾ ਪਾਤਸਾਹੁ...) ਦੋ ਸਲੋਕਾਂ ਵਿਚ ਵੀ ਨਾਨਕ ਪਦ ਨਹੀਂ ਹੈ। ਗੁਰੂ ਅਰਜਨ ਦੇਵ ਜੀ ਪ੍ਰਤੱਖ ਵਾਹਿਗੁਰੂ ਰੂਪ ਸਨ, ਉਨ੍ਹਾਂ ਦੇ ਦਿਲ ਵਿਚ ਕੀ ਸੀ, ਅਸੀਂ ਕਲਜੁਗੀ ਜੀਵ ਕੀ ਜਾਣ ਸਕਦੇ ਹਾਂ? ਇਹ ਤਾਂ ਗੁਰੂ ਸਾਹਿਬਾਨਾਂ ਦੀ ਮਰਜੀ ਸੀ, ਕਿਥੇ ਨਾਨਕ ਪਦ ਜਾਂ ਕਿਸ ਬਾਣੀ ਅੱਗੇ ਮਹੱਲਾ ਲਿਖਣਾ ਹੈ, ਜਾਂ ਭਗਤਾਂ ਦੀ ਬਾਣੀ ਵਿਚ ਭਗਤਾਂ ਨੇ ਅਪਣਾ ਨਾਮ ਵਰਤਣਾ ਹੈ ਜਾਂ ਨਹੀਂ, ਇਹ ਗੁਹਜ ਭਾਵ ਮਨੁੱਖੀ ਸਮਝ ਤੋਂ ਪਰੇ ਹਨ।

ਜੇ ਮੰਨ ਲਈਏ ਕਿ ਗੁਰੂ ਜੀ ਨੇ 'ਮੁੰਦਾਵਣੀ' ਮੋਹਰ ਲਗਾ ਦਿਤੀ ਹੈ, ਇਸ ਤੋਂ ਬਾਦ ਦੀ ਲਿਖਤ ਗੁਰਬਾਣੀ ਨਹੀ ਤਾਂ 'ਤੇਰਾ ਕੀਤਾ ਜਾਤੋ ਨਾਹੀ...' ਮੁੰਦਾਵਣੀ ਤੋਂ ਬਾਦ ਹੀ ਆਉਂਦਾ ਹੈ। ਕੀ ਇਸ ਸਲੋਕ ਨੂੰ ਵੀ ਮੰਨ ਲਈਏ ਕਿ ਗੁਰਬਾਣੀ ਨਹੀ? ਮੁੰਦਾਵਣੀ ਦੇ ਅਰਥ ਹਨਃ-ਭੇਤ ਦੀ ਗੱਲ, ਪ੍ਰਸੰਨ ਕਰਨਾ, ਸਾਹਿਤ ਵਿਚ ਐਸੀ ਰਚਨਾ, ਜਿਸ ਵਿਚ ਭਾਵ ਜਾਂ ਅਰਥ ਮੁੰਦ ਕੇ ਜਾਂ ਲੁਕੋ ਕੇ ਰਖਿਆ ਹੋਇਆ ਹੋਵੇ। ਜੋ ਗੱਲ ਛੇਤੀ ਸਮਝ ਵਿਚ ਨਾ ਆ ਸਕਦੀ ਹੋਵੇ। ਮੁੰਦਾਵਣੀ, ਮਨ ਦੀ ਕਿਸੇ ਡੂੰਘੀ ਬਿਚਾਰ ਦਾ ਨਾਮ ਹੈ, ਜੋ ਭਾਲ ਕਰਨ ਨਾਲ ਲੱਭਣ ਵਾਲੀ ਹੈ {ਏਹ ਮੁਦਾਵਣੀ ਸਤਿਗੁਰੂ ਪਾਈ, ਗੁਰਸਿਖਾ ਲਧੀ ਭਾਲਿ ੬੪੫}। ਪੋਠੋਹਾਰ ਵਿਚ ਮੁੰਦਾਵਣੀ ਬੁਝਾਰਤ ਨੂੰ ਕਹਿੰਦੇ ਹਨ, ਜਦ ਜੰਞ ਰੋਟੀ ਖਾਣ ਬੈਠਦੀ ਹੈ ਤਾਂ ਕੁੜੀਆਂ ਇਕ ਥਾਲ ਵਿਚ ਭੋਜਨ ਪ੍ਰੋਸ ਕੇ ਲਿਆਉਂਦੀਆਂ ਹਨ। ਜੰਞ ਅੱਗੇ ਬੁਝਾਰਤ ਪਾ ਕੇ ਪੁਛਦੀਆਂ ਹਨ, ਦੱਸੋ ਇਸ ਥਾਲ ਵਿਚ ਕੀ ਪ੍ਰੋਸਿਆ ਹੋਇਆ ਹੈ। ਜੇ ਜੰਞ ਵਿਚੋਂ ਕੋਈ ਬੁਝਾਰਤ ਬੁਝ ਲੈਂਦਾ ਹੈ ਤਾਂ ਜੰਞ ਰੋਟੀ ਖਾਂਦੀ ਹੈ, ਜੇ ਨਾ ਬੁਝ ਸਕੇ ਤਾਂ ਕੁੜੀਆਂ ਇਸ ਨੂੰ ਜੰਞ ਦੀ ਹਾਰ ਸਮਝ ਕੇ ਮਖੌਲ ਉਡਾਉਂਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਮੁੰਦਾਵਣੀ ਵਾਲੇ ਦੋ ਸਲੋਕ ਹਨ। ਇਕ ਗੁਰੂ ਅਮਰਦਾਸ ਜੀ ਦਾ ਸੋਰਠਿ ਦੀ ਵਾਰ ਵਿਚ ੬੪੫ ਅੰਗ ਤੇ ਅਤੇ ਦੂਜਾ ਗੁਰੂ ਅਰਜਨ ਦੇਵ ਜੀ ਦਾ ੧੪੨੯ ਅੰਗ ਤੇ ਹੈ। ਦੋਹਾਂ ਸਲੋਕਾਂ ਵਿਚ ਥਾਲ ਵਿਚ ਪ੍ਰੋਸੇ ਹੋਏ ਭੋਜਨ ਦਾ ਜਿਕਰ ਹੈਃ- {ਥਾਲੈ ਵਿਚਿ ਤੈ ਵਸਤੂ ਪਈਓ..੬੪੫} ਥਾਲ ਵਿਚ ਤਿੰਨ ਚੀਜਾਂ ਦਾ ਪ੍ਰੋਸਿਆ ਭੋਜਨ ਹੈ, ਭੋਜਨ ਦੇ ਗੁਣ ਤਾਂ ਦਸ ਦਿਤੇ ਹਨ ਪਰ ਚੀਜਾਂ ਨਹੀ ਦੱਸੀਆਂ। ਉਹ ਚੀਜਾਂ ਗੁਰਸਿੱਖਾਂ ਨੇ ਖੋਜ ਕਰਕੇ ਲੱਭਣੀਆਂ ਹਨ। ਇਹ ਸੰਸਾਰੀ ਭੋਜਨ ਨਹੀ, ਰੁਹਾਨੀ ਖੁਰਾਕ ਹੈ ਅਤੇ ਅੰਮ੍ਰਿਤ ਤੋਂ ਵੀ ਜਿਆਦਾ ਸ੍ਰੇਸਟ ਹੈ, ਜਿਸਦੇ ਖਾਧਿਆਂ ਮਨ ਰੱਜ ਜਾਂਦਾ ਹੈ। ਮੁਕਤੀ ਮਿਲ ਜਾਂਦੀ ਹੈ, ਹੇ ਸੰਤੋ! ਇਹ ਭੋਜਨ ਹੋਰ ਤ੍ਰੀਕਿਆਂ ਨਾਲ ਨਹੀਂ ਲੱਭਦਾ, ਗੁਰੂ ਦੀ ਬਖਸ਼ੀ ਬਿਚਾਰ ਨਾਲ ਹੀ ਲੱਭਦਾ ਹੈ। ਗੁਰੂ ਅਮਰਦਾਸ ਜੀ ਨੇ ਇਹ ਬੁਝਾਰਤ ਪਾਈ ਹੈ, ਇਸ ਦਾ ਹੱਲ ਗੁਰੂ ਅਰਜਨ ਦੇਵ ਜੀ ਨੇ ੧੪੨੯ ਅੰਗ ਵਾਲੀ ਮੁੰਦਾਵਣੀ ਵਿਚ ਦਿਤਾ ਹੈ। ਇਸ ਵਿਚ ਦਸੇ ਤਿੰਨ ਪਦਾਰਥ ਵੀ ਦਸ ਦਿਤੇ ਹਨ। ਗੁਰੂ ਅਰਜਨ ਦੇਵ ਜੀ ਦਾ ਮੁੰਦਾਵਣੀ ਵਾਲਾ ਸਲੋਕ ਬੁਝਾਰਤ ਵੀ ਹੈ ਤੇ ਹੱਲ ਵੀ, ਇਸ ਵਿਚ ਆਪ ਜੀ ਨੇ ਦਸ ਦਿਤਾ ਹੈ ਕਿ ਉਹ ਤਿੰਨ ਵਸਤੂਆਂ ਸਤ ਸੰਤੋਖ ਤੇ ਠਾਕੁਰ ਦਾ ਨਾਮ ਹਨ। ਹੁਕਮ ਹੈ ਕਿ ਇਸ ਨੂੰ ਵਿਚਾਰ ਲਵੋ, ਜੇ ਵਿਚਾਰੋਗੇ ਤਾਂ ਮੁੰਦਾਵਣੀ ਖੁੱਲ੍ਹ ਜਾਵੇਗੀ। ਮੁੰਦਾਵਣੀ ਦਾ ਢੁਕਵਾਂ ਅਰਥ ਆਤਮਕ ਪ੍ਰਸੰਨਤਾ (ਅਨੰਦ) ਦੇਣ ਵਾਲੀ ਵਸਤੂ (ਰੁਹਾਨੀ ਖੁਰਾਕ)। ਉਪਰ ਵਿਸਥਾਰ ਨਾਲ ਲਿਖਿਆ ਜਾ ਚੁੱਕਾ ਹੈ।

੧੪੨੯ ਅੰਗ ਉਤੇ ਮੁੰਦਾਵਣੀ ਵਾਲੇ ਸਲੋਕ ਨਾਲ ਵੀ ਅੰਕ ੧ ਲਗਾ ਹੋਇਆ ਹੈ ਅਤੇ 'ਤੇਰਾ ਕੀਤਾ ਜਾਤੋ ਨਾਹੀ' ਵਾਲੇ ਸਲੋਕ ਨਾਲ ਵੀ ਅੰਕ ੧ ਲਗਾ ਹੋਇਆ ਹੈ। ਇਸ ਤੋਂ ਭਾਵ ਹੈ ਕਿ ਇਹ ਦੋਵੇਂ ਸਲੋਕ ਜੁਦੇ ਜੁਦੇ ਹਨ ਅਤੇ 'ਮਹਲਾ ੫' ਵੀ ਦੋਹਾਂ ਸਲੋਕਾਂ ਦੇ ਅੱਗੇ ਲਿਖਿਆ ਹੋਇਆ ਹੈ। ਜੇ 'ਤੇਰਾ ਕੀਤਾ ਜਾਤੋ ਨਾਹੀ' ਵਾਲੇ ਸਲੋਕ ਦੇ ਅੱਗੇ ਸਲੋਕ ਮਹਲਾ ੫ ਨਾ ਲਿਖਿਆ ਹੋਇਆ ਹੁੰਦਾ ਤਾਂ

ਇਹ ਸਲੋਕ ਮੁੰਦਾਵਣੀ ਵਾਲੇ ਸਲੋਕ ਦੇ ਅੰਦਰ ਹੀ ਲਿਖਿਆ ਸਮਝਿਆ ਜਾਣਾ ਸੀ ਅਤੇ ਅੱਗੇ ੨ ਅੰਕ ਲਗਿਆ ਹੋਇਆ ਹੋਣਾ ਸੀ।ਜੇ ਮੁੰਦਾਵਣੀ ਮੋਹਰ ਹੁੰਦੀ ਤਾਂ ਗੁਰੂ ਜੀ ਮੋਹਰ ਛਾਪ ਲਗਾ ਕੇ ਅੱਗੇ 'ਤੇਰਾ ਕੀਤਾ ਜਾਤੋ ਨਾਹੀ' ਸਲੋਕ ਵੱਖਰਾ ਨਾ ਲਿਖਦੇ।ਇਸੇ ਤਰ੍ਹਾਂ ਰਾਗਮਾਲਾ ਦੇ ਸਾਰੇ ਸਲੋਕਾਂ ਦੇ ਅੰਤ ਵਿਚ ਅੰਕ ੧ ਹੀ ਲਿਖਿਆ ਮਿਲਦਾ ਹੈ, ਜਿਸ ਤੋਂ ਭਾਵ ਹੈ, ਰਾਗਮਾਲਾ ਦੇ ਸਾਰੇ ਸਲੋਕ ਵੀ ਜੁਦਾ ਜੁਦਾ ਹਨ।ਗੁਰੂ ਗ੍ਰੰਥ ਸਾਹਿਬ ੧ ਤੋਂ ਸ਼ੁਰੂ ਕਰਕੇ ੧ ਅੰਕ ਤੇ ਹੀ ਸਮਾਪਤ ਕੀਤਾ ਹੈ, ਗੁਰਬਾਣੀ ਇਕ (ਵਾਹਿਗੁਰੂ) ਦੀ ਹੀ ਵਿਆਖਿਆ ਹੈ।ਇਕ ਦਾ ਹੀ ਸਾਰਾ ਪਸਾਰਾ ਹੈ, ਸਾਰੀ ਰਚਨਾ ਇਕ ਤੋਂ ਹੀ ਹੋਈ ਹੈ।

ਇਸੁ ਏਕੇ ਕਾ ਜਾਣੈ ਭੇਉ।ਆਪੇ ਕਰਤਾ ਆਪੇ ਦੇਉ।(੯੩੦)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ੩੧ ਰਾਗਾਂ ਵਿਚ ਉਚਾਰੀ ਹੋਈ ਹੈ, ਇਨ੍ਹਾਂ ਰਾਗਾਂ ਦੇ ਪ੍ਰਵਾਰਾਂ ਵਾਰੇ ਜਾਣਕਾਰੀ ਦੇਣੀ ਵੀ ਜਰੂਰੀ ਸੀ, ਜੋ ਰਾਗਮਾਲਾ ਵਿਚ ਸੱਤਗੁਰੂ ਜੀ ਨੇ ਦਿਤੀ ਹੈ।ਬਾਕੀ ਇਹੋ ਜਿਹੇ ਦੋਸ਼ ਨਿਰਮੂਲ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ ਰਾਗ ਪਹਿਲਾਂ ਹੈ ਅਤੇ ਰਾਗਮਾਲਾ ਵਿਚ ਪਹਿਲਾ ਰਾਗ ਭੈਰਉ ਲਿਖਿਆ ਹੋਇਆ ਹੈ।ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਪਾਂਧੇ ਨੂੰ ਉਪਦੇਸ਼ ਸਿਰੀ ਰਾਗ ਵਿਚ ਹੀ ਦਿਤਾ ਸੀ।ਸਿਰੀ ਰਾਗ ਸਭ ਤੋਂ ਸ਼੍ਰੋਮਣੀ ਰਾਗ ਵੀ ਕਿਹਾ ਜਾਂਦਾ ਹੈ, ਇਨ੍ਹਾਂ ਦੋ ਕਾਰਣਾਂ ਕਰਕੇ ਹੋ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾ ਸਥਾਨ ਸਿਰੀ ਰਾਗ ਨੂੰ ਦਿਤਾ ਹੋਵੇ।ਜਦੋਂ ਕੋਈ ਰਾਗੀ ਸ਼ਬਦ ਗਾਉਣ ਲਗਦਾ ਹੈ, ਉਸਦੇ ਮਨ ਵਿਚ ਅਨੇਕਾਂ ਰਾਗ ਆ ਜਾਂਦੇ ਹਨ, ਉਸ ਗਾਉਣ ਵਾਲੇ ਰਾਗੀ ਦੀ ਮਰਜੀ ਹੁੰਦੀ ਹੈ ਕਿ ਕਿਹੜਾ ਸ਼ਬਦ ਕਿਹੜੇ ਰਾਗ ਵਿਚ ਗਾਉਣਾ ਹੈ।ਰਾਗਮਾਲਾ ਲਿਖਣ ਲਗਿਆਂ ਗੁਰੂ ਜੀ ਦੇ ਅੱਗੇ ਜਿਹੜਾ ਵੀ ਰਾਗ ਆਇਆ, ਗੁਰੂ ਜੀ ਨੇ ਵਾਰੋ ਵਾਰੀ ਉਨ੍ਹਾਂ ਨੂੰ ਲਿਖ ਦਿਤਾ।ਰਾਗਮਾਲਾ ਲਿਖਣ ਲਗਿਆਂ ਪਹਿਲਾਂ ਭੈਰਉ ਰਾਗ ਆ ਗਿਆ ਹੋਵੇਗਾ, ਗੁਰੂ ਜੀ ਨੇ ਪਹਿਲਾਂ ਭੈਰਉ ਰਾਗ ਦੇ ਪ੍ਰਵਾਰ ਦਾ ਜਿਕਰ ਕਰ ਦਿਤਾ ਹੈ।ਸਾਡੇ ਦੇਸ਼ ਵਿਚ ਵੱਖ ਵੱਖ ਕਿਸਮ ਦੇ ਸੰਗੀਤ ਦੇ ਗ੍ਰੰਥ ਹਨ, ਉਨ੍ਹਾਂ ਵਿਚ ਕੋਈ ਸਿਰੀ ਰਾਗ ਤੋਂ ਅਰੰਭ ਹੁੰਦਾ ਹੈ ਅਤੇ ਕੋਈ ਭੈਰਉ ਰਾਗ ਤੋਂ।ਇਹ ਤਾਂ ਲਿਖਾਰੀ ਦੀ ਮਰਜੀ ਹੁੰਦੀ ਹੈ ਕਿ ਉਹ ਕਿਸ ਚੀਜ ਨੂੰ ਕਿਸ ਜਗ੍ਹਾ ਤੇ ਲਿਖਦਾ ਹੈ।

ਇਕ ਹੋਰ ਸ਼ੰਕਾ ਕੀਤੀ ਜਾਂਦੀ ਹੈ ਕਿ ਰਾਗਮਾਲਾ ਵਿਚ ਲਿਖੇ ਰਾਗਾਂ ਦੀ ਤਰਤੀਬ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਤਰਤੀਬ ਨਾਲ ਨਹੀਂ ਮਿਲਦੀ।ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮਕਲੀ, ਨਟ ਨਾਰਾਇਣ, ਮਾਲੀ ਗੌੜਾ, ਤੁਖਾਰੀ, ਪ੍ਰਭਾਤੀ ਅਤੇ ਜੈਜਾਵੰਤੀ ਰਾਗਮਾਲਾ ਵਿਚ ਨਹੀਂ ਹਨ।ਇਸਦੇ ਉਲਟ ਰਾਗਮਾਲਾ ਵਿਚ ਆਏ ਰਾਗ ਮਾਲਕੌਂਸ, ਹਿੰਡੋਲ, ਦੀਪਕ, ਮੇਘ, ਆਦਿ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ।ਇਸ ਦਾ ਉਤਰ ਵਿਦਵਾਨਾਂ ਨੇ ਇਉਂ ਦਿਤਾ ਹੈਃ- ਹਿੰਦੀ ਵਿਚ ਪਹਿਲਾ ਅੱਖਰ ਅ ਹੈ, ਇਸ ਤੋਂ ਅੱਗੇ ੲ ਅਤੇ ਤੀਜੇ ਨੰਬਰ ਤੇ ੳ ਆਉਂਦਾ ਹੈ।ਗੁਰਮੁਖੀ ਵਿਚ ੳ ਅੱਖਰ ਪਹਿਲਾ ਹੈ, ਫਿਰ ਅ ਅਤੇ ਤੀਜੇ ਨੰਬਰ ਤੇ ੲ ਆਉਂਦਾ ਹੈ, ਪਰ ਗੁਰਮੁਖੀ ਅੱਖਰਾਂ ਦੀ ਮੁਹਾਰਨੀ ਇਸ ਤਰ੍ਹਾਂ ਪੜ੍ਹੀ ਜਾਂਦੀ ਹੈਃ- ਅ ਆ, ਇ ਈ, ਉ ਊ...।ਇਸ ਤਰ੍ਹਾਂ ਮੁਹਾਰਨੀ ਵਿਚ ਅ ਅੱਖਰ ਪਹਿਲਾਂ ਆ ਜਾਂਦਾ ਹੈ, ਫਿਰ ੲ ਅਤੇ ਪਿਛੋਂ ੳ ਆਉਂਦਾ ਹੈ।ਕੀ ਕਦੇ ਕਿਸੇ ਨੇ ਫਰਕ ਮਹਿਸੂਸ ਕੀਤਾ ਹੈ ਕਿ ਪੈਂਤੀ ਵਿਚ ੳ ਪਹਿਲਾਂ ਆਉਂਦਾ ਹੈ ਤੇ ਉਸੇ ਪੈਂਤੀ ਦੀ ਮੁਹਾਰਨੀ ਵਿਚ ਅ ਪਹਿਲਾਂ ਅਤੇ ੳ ਪਿਛੇ ਚਲਾ ਜਾਂਦਾ ਹੈ? ਕੀ ਇਸ ਫਰਕ ਪਿਛੇ ਅਸੀ ਬਾਲ ਉਪਦੇਸ਼ ਵਿਚੋਂ ਪੈਂਤੀ ਨੂੰ ਕੱਢ ਦਿਆਂਗੇ? ਭਾਸ਼ਾ ਅਤੇ ਕਵਿਤਾਵਾਂ ਵਿਚ ਇਹੋ ਜਿਹੀਆਂ ਤਬਦੀਲੀਆਂ ਆਮ ਹੁੰਦੀਆਂ ਹਨ।ਗੁਰੂ ਗਰੰਥ ਸਾਹਿਬ ਜੀ ਦੇ ੪੩੨ ਅੰਗ ਤੇ 'ਰਾਗੁ ਆਸਾ ਮਹਲਾ ੧ ਪਟੀ ਲਿਖੀ' ਵਿਚ ਪੈਂਤੀ ਅੱਖਰਾਂ ਦੀ ਤਰਤੀਬ ਗੁਰਮੁਖੀ ਲਿਪੀ ਦੇ ਬਾਲ ਉਪਦੇਸ਼ ਅਨੁਸਾਰ ਨਹੀ ਹੈ, ਤਾਂ ਕੀ ਗੁਰਮੁਖੀ ਲਿਪੀ ਦਾ ਬਾਲ ਉਪਦੇਸ਼ ਗਲਤ ਹੈ? ਪੱਟੀ ਲਿਖੀ ਵਿਚ ਅੱਖਰ ਕ੍ਰਮਵਾਰ ਇਸ ਤਰ੍ਹਾਂ ਹਨਃ-

ਸ ੲ ੳ ਙ = ਕ ਖ ਗ ਘ = ਚ ਛ ਜ ਝ ਞ = ਟ ਠ ਡ ਢ ਣ = ਤ ਥ ਦ ਧ ਨ = ਪ ਫ ਬ ਭ ਮ = ਯ ਰ ਲ ਵ ੜ = ਹ ਅ ॥ ਇਸ ਤੋਂ ਬਾਦ 'ਗਉੜੀ ਬਾਵਨ ਅਖਰੀ ਮਹਲਾ ੫' (ਅੰਗ ੨੫੦-੨੬੨) ਦਾ ਸਿਰਲੇਖ ਭਾਵੇਂ ਬਾਵਨ ਅੱਖਰੀ ਹੈ (ਹਿੰਦੀ ਦੇ ਬਵੰਜਾ ਅੱਖਰਾਂ ਨੂੰ ਮੁਖ ਰਖ ਕੇ ਉਚਾਰੀ ਹੋਈ ਬਾਣੀ) ਪਰ ਇਸ ਬਾਣੀ ਵਿਚ ਅੱਖਰ ਕੇਵਲ ੩੯ ਹੀ ਆਏ ਹਨ। ਵੇਰਵਾ ਇਸ ਤਰ੍ਹਾ ਹੈਃ- ਸ ਧ ਙ = ਰ ਲ ਯ ਙ = ਕ ਖ ਗ ਘ ਙ = ਚ ਛ ਜ ਝ ਞ = ਠ ਡ ਢ ਣ =ਤ ਥ ਦ ਧ ਨ = ਪ ਫ ਬ ਭ ਮ ਯ ਰ ਲ ਵ ੜ = ਸ ਖ ਸ ॥ ਇਸ ਬਾਵਨ ਅੱਖਰੀ ਬਾਣੀ ਵਿਚ ਸੱਤ ਅੱਖਰ ਇਕ ਤੋਂ ਜਿਆਦਾ ਵਾਰੀ ਆਏ ਹਨ, ਜਿਵੇਂ ਕਿ = ਸੱਸਾ ਤਿਨ ਵਾਰੀ, ਖੱਖਾ ਦੋ ਵਾਰੀ, ਪੱਪਾ ਦੋ ਵਾਰੀ, ਙੰਙਾ ਤਿੰਨ ਵਾਰੀ, ਰਾਰਾ ਦੋ ਵਾਰੀ, ਲੱਲਾ ਦੋ ਵਾਰੀ, ਯਯਾ ਦੋ ਵਾਰੀ।ਕੀ ਇਸ ਪਵਿਤ੍ਰ ਬਾਣੀ ਵਿਚ ਆਏ ਅੱਖਰਾਂ ਦੀ ਤਰਤੀਬ ਤੇ ਕਿਸੇ ਵਿਦਵਾਨ ਵੱਲੋਂ ਨੁਕਤਾਚੀਨੀ ਕਰਨ ਦਾ ਹੌਂਸਲਾ ਪੈ ਸਕਦਾ ਹੈ? ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੪੩੪-੩੫ ਤੇ 'ਰਾਗੁ ਆਸਾ ਮਹਲਾ ੩ ਪੱਟੀ' ਅਤੇ ੩੪੦-੩੪੩ ਅੰਗ ਤੇ 'ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ' ਵਿਚ ਵੀ ਅੱਖਰਾਂ ਦਾ ਕ੍ਰਮ 'ਰਾਗੁ ਆਸਾ ਮਹਲਾ ੧ ਪਟੀ

ਲਿਖੀ' ਅਤੇ 'ਗਉੜੀ ਬਾਵਨ ਅਖਰੀ ਮਹਲਾ ੫' ਨਾਲੋਂ ਵੱਖਰਾ ਹੈ। ਹੁਣ ਦੱਸੋ ਇਨ੍ਹਾਂ ਚੌਹਾਂ ਬਾਣੀਆਂ ਵਿਚ ਦਿਤੇ ਅੱਖਰਾਂ ਦੇ ਕ੍ਰਮ ਨੂੰ ਪ੍ਰਮਾਣੀਕ ਮੰਨਿਆ ਜਾਵੇ ਕਿ ਨਾ? ਇਸੇ ਤਰ੍ਹਾਂ ਰਾਗਮਾਲਾ ਅੰਦਰ ਲਿਖੇ ਰਾਗਾਂ ਦੀ ਘੱਟ ਵੱਧ ਗਿਣਤੀ ਤੇ ਅਲੋਚਨਾ ਕਰਨੀ ਨਿਰਮੂਲ ਹੈ। ਇਹੋ ਜਿਹੀਆਂ ਢੁੱਚਰਾਂ ਨਹੀ ਡਾਹੁਣੀਆਂ ਚਾਹੀਦੀਆਂ।

ਜੇ ਕਹੋ ਇਸ ਵਿਚ ਨਾਮ ਦਾ ਕੋਈ ਜਿਕਰ ਨਹੀ। ਇਹ ਰਾਗਮਾਲਾ ਤਾਂ ਰਾਗਾਂ ਦੇ ਪ੍ਰਵਾਰਾਂ ਦਾ ਸਿਲਸਿਲੇ ਵਾਰ ਵਰਨਣ ਕਰ ਰਹੀ ਹੈ। ਗੁਰ ਬਾਣੀ ਵਿਚ ਬਹੁਤ ਐਸੀਆਂ ਤੁਕਾਂ ਹਨ, ਜਿਨ੍ਹਾਂ ਵਿਚ ਨਾਮ ਦਾ ਜਿਕਰ ਨਹੀ, ਜਿਵੇਂ ਵਾਰਾਂ ਦੀਆਂ ਨੌਂ ਧੁਨਾਂ ਹਨ, ਏਕ ਸੁਆਨ ਕੈ ਘਰ ਗਾਵਣਾ, ਯਾਨੜੀਏ ਕੈ ਘਰਿ ਗਾਵਣਾ ਆਦਿ। ਜਿਨ੍ਹਾਂ ਰਾਗਾਂ ਵਿਚ ਗੁਰਬਾਣੀ ਲਿਖੀ ਗਈ ਹੈ, ਕੀ ਉਨ੍ਹਾਂ ਰਾਗਾਂ ਬਾਰੇ ਜਾਣਕਾਰੀ ਨਹੀ ਸੀ ਦੇਣੀ ਬਣਦੀ? ਗੁਰੂ ਸਾਹਿਬ ਆਪ ਮਹਾਨ ਸੰਗੀਤਕਾਰ ਸਨ, ਸੋ ਉਨ੍ਹਾਂ ਨੇ ਅਪਣੇ ਗਾਏ ਹੋਏ ਰਾਗਾਂ ਅਤੇ ਉਨ੍ਹਾਂ ਦੇ ਪ੍ਰਵਾਰਾਂ ਵਾਰੇ ਰਾਗ ਮਾਲਾ ਵਿਚ ਲੋਕਾਈ ਨੂੰ ਜਾਣੂੰ ਕਰਾਇਆ ਹੈ। ਇਸ ਰਾਗਮਾਲਾ ਦਾ ਸਬੰਧ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਗੁਰਬਾਣੀ ਦੇ ਰਾਗਾਂ ਨਾਲ ਹੈ।

ਸਿਖ ਰਹਿਤ ਮਰਿਆਦਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ) ਵਿਚ ਰਾਗਮਾਲਾ ਬਾਰੇ ਇਉਂ ਦਰਜ ਹੈਃ- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। (ਇਸ ਗੱਲ ਦਾ ਪੰਥ'ਚ ਅਜੇ ਤਕ ਮੱਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)...।

ਜਿਸ ਰਹੁ ਰੀਤੀ ਸਬ ਕਮੇਟੀ ਨੇ ਇਹ ਰਹਿਤ ਮਰਿਆਦਾ ਦਾ ਖਰੜਾ ਤਿਆਰ ਕੀਤਾ ਸੀ, ਉਸਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਸਨ। ਇਸ ਸਬ ਕਮੇਟੀ ਦੇ ਸਮਾਗਮ ੧੯੩੧-੩੨ ਵਿਚ ਹੋਏ, ਜਿਨ੍ਹਾਂ ਵਿਚ ਬਹੁਤ ਸਾਰੇ ਵਿਦਵਾਨਾਂ ਨੇ ਹਿੱਸਾ ਲਿਆ। ਕਿਉਂਕਿ ਉਸ ਵੇਲੇ ਰਾਗ ਮਾਲਾ ਦਾ ਮਸਲਾ ਬਹੁਤ ਭਖਿਆ ਹੋਇਆ ਸੀ, ਪਰ ਕਮੇਟੀ ਕੋਈ ਅੰਤਮ ਨਿਰਣਾ ਨਾ ਲੈ ਸਕੀ ਅਤੇ ਮਾਮਲਾ ਉਥੇ ਹੀ ਠੱਪ ਰਿਹਾ। ਜਿਵੇਂ ਉਪਰ ਲਿਖਿਆ ਜਾ ਚੁੱਕਾ ਹੈ ਕਿ ਫਿਰ ਮਈ ੧੯੪੫ ਈ. ਵਿਚ ਸ਼੍ਰੋ. ਗੁ. ਪ੍ਰ. ਕਮੇਟੀ ਨੇ ਪ੍ਰਿੰਸੀਪਲ ਗੰਗਾ ਸਿੰਘ (ਸ਼ਹੀਦ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ), ਪ੍ਰੋਫੈਸਰ ਤੇਜਾ ਸਿੰਘ (ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ), ਪ੍ਰਿੰਸੀਪਲ ਜੋਧ ਸਿੰਘ (ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ) ਵਿਦਵਾਨਾਂ ਦੀ ਇਕ ਧਾਰਮਕ ਸਲਾਹਕਾਰ ਕਮੇਟੀ ਬਣਾਈ। ਇਸ ਕਮੇਟੀ ਨੇ ੭ ਅਕਤੂਬਰ ੧੯੪੫ ਈ. ਨੂੰ ਸ੍ਰੀ ਕਰਤਾਰ ਪੁਰ ਸਾਹਿਬ ਜਾ ਕੇ ਭਾਈ ਗੁਰਦਾਸ ਜੀ ਦੀ ਲਿਖੀ ਹੋਈ ਬੀੜ ਦੇ ਦਰਸ਼ਨ ਕੀਤੇ। ਅਪਣੀ ਰਿਪੋਰਟ ੧੧ ਅਕਤੂਬਰ ੧੯੪੫ ਈ. ਨੂੰ ਲਿਖਿਆ ਕਿ ਇਸ ਬੀੜ ਦੇ ਅੰਤ ਵਿਚ ਰਾਗਮਾਲਾ ਹੈ। ਇਹ ਉਨ੍ਹਾਂ ਦਸਖਤਾਂ ਅਤੇ ਉਸੇ ਲਿਖਤ ਵਿਚ ਹੈ ਜਿਸ ਨਾਲ ਰਾਗਮਾਲਾ ਤੋਂ ਪਹਿਲਾਂ ਆਉਣ ਵਾਲੇ ਕਈ ਸਫੇ ਲਿਖੇ ਹੋਏ ਹਨ...(ਉਪਰ ਸਾਰਾ ਹਵਾਲਾ ਲਿਖਿਆ ਜਾ ਚੁੱਕਾ ਹੈ)। ਪਰ ਸ਼੍ਰੋਮਣੀ ਕਮੇਟੀ ਨੇ ਇਸ ਰਿਪੋਟ ਤੇ ਕੋਈ ਕਾਰਵਾਈ ਨਹੀਂ ਕੀਤੀ, ਜਿਸ ਕਰਕੇ ਇਹ ਵਿਵਾਦ ਜਿਉਂ ਦਾ ਤਿਉਂ ਬਣਿਆ ਰਿਹਾ। ਜੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ ਤਾਂ ਮਸਲਾ ਇੰਨਾ ਨਾ ਵਧਦਾ।

ਸਭ ਸੰਗਤਾਂ ਇਸ ਸਚਾਈ ਤੋਂ ਚੰਗੀ ਤਰ੍ਹਾਂ ਜਾਣੂੰ ਹਨ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜੂਰ ਸਾਹਿਬ (ਨਾਂਦੇੜ) ਦੇ ਪਾਵਨ ਅਸਥਾਨਾਂ ਤੇ ਹਰ ਤਰ੍ਹਾਂ ਦੇ ਪਾਠ ਦੀ ਸਮਾਮਤੀ ਤੇ ਰਾਗਮਾਲਾ ਪੜ੍ਹ ਕੇ ਭੋਗ ਪਾਇਆ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹਦੂਦ ਵਿਚ ਸਮੇਤ ਪ੍ਰਕਰਮਾ ਦੇ ਆਸ ਪਾਸ ਬੁੰਗਿਆ ਵਿਚ ਜੋ ਪਾਠ ਰੱਖੇ ਜਾਂਦੇ ਹਨ, ਉਨ੍ਹਾਂ ਪਾਠਾਂ ਦਾ ਭੋਗ ਰਾਗਮਾਲਾ ਪੜ੍ਹ ਕੇ ਪਾਇਆ ਜਾਂਦਾ ਹੈ। ਇਸ ਗਲ ਦੀ ਬੜੀ ਹੈਰਾਨਗੀ ਹੈ ਕਿ ਅੰਮ੍ਰਿਤਸਰ ਵਿਖੇ ਹਰਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਇਕ ਨਹੀ, ਪੰਜ ਸੌ ਗਜ ਦੀ ਦੂਰੀ ਤੇ ਆਮ੍ਹੋ ਸਾਮ੍ਹਣੇ ਦੋਹਾਂ ਸਥਾਨਾਂ ਦੀ ਮਰਿਆਦਾ ਵਿਚ ਕਿੰਨਾ ਫਰਕ ਹੈ? ਫਿਰ ਦੋਹਾਂ ਸਥਾਨਾਂ ਉਤੇ ਪ੍ਰਬੰਧ ਵੀ ਇਕੋ ਸ੍ਰੋ. ਗੁ. ਪ੍ਰ. ਕਮੇਟੀ ਦਾ ਹੀ ਹੈ। ਸ੍ਰੀ ਅਕਾਲ ਤਖਤ ਤੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੜ੍ਹੀ ਜਾਂਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋਣ ਤੇ, ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਨਮਿਤ ਸਹਿਜ ਪਾਠਾਂ ਦੇ ਭੋਗ ਪਵਾਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਅਪਣੀ ਮੌਜੂਦਗੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਬਾਬਾ ਬੁੱਢਾ ਜੀ ਤੋਂ ਰਾਗਮਾਲਾ ਪੜ੍ਹ ਕੇ ਭੋਗ ਪਵਾਇਆ। ਗੁਰ ਬਿਲਾਸ ਪਾ.੬ ਅਧਿਆਇ ੮ ਪੰਨਾ ੧੩੯ ਵਿਚ ਲਿਖਿਆ ਹੈਃ- ਦੋਹਰਾ = ਲੈ ਆਗਿਆ ਸਭ ਕੀ ਤਬੈ, ਬੁੱਢੇ ਪਾਇਓ ਭੋਗ। ਰਾਗਮਾਲਾ ਪੜ੍ਹ ਪ੍ਰੇਮ ਸੋਂ, ਗ੍ਰੰਥ ਗੁਰੂ ਜੀ ਜੋਗ।੯। ਇਸੇ ਗੁਰ ਬਿਲਾਸ ਪਾ. ੬ ਵਿਚ ਅੱਗੇ ਜਾਕੇ ਹੋਰ ਇਉਂ ਲਿਖਿਆ ਮਿਲਦਾ ਹੈਃ- ਮ੍ਰਿਤ ਪਾਛੇ ਰੀਤ ਸੁ ਕਰੋ। ਗੁਰੂ ਗ੍ਰੰਥ ਕਾ ਪਾਠ ਸੁ ਧਰੋ। ਪਾਵੈ ਭੋਗ ਰਾਗ ਮਾਲਾ ਪੜ੍ਹ। ਛਿਨ ਪਾਪ ਜਾਂਹਿ ਤਾਂ ਕੇ ਸੜ।... ੪੧੪। ਦੋਹਰਾ। ਧਾਰ ਪ੍ਰੇਮ ਗੁਰੂ ਗ੍ਰੰਥ ਕਾ, ਪਾਠ ਕਰੈ ਮਨ ਲਾਇ। ਰਾਗਮਾਲਾ ਪੜ੍ਹ ਪ੍ਰੇਮ ਸੋਂ, ਭੋਗ ਜਪੁ ਜੀ ਤੇ ਪਾਇ।੪੧੫

(ਪੰਨਾ ੭੭)।ਜੇ ਰਾਗਮਾਲਾ ਗੁਰਬਾਣੀ ਨਾ ਹੁੰਦੀ ਤਾਂ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਕੋਈ ਹੁਕਮ ਨਾਮਾ ਜਾਰੀ ਹੋਇਆ ਜਰੂਰ ਮਿਲਦਾ।ਗੁਰੂ ਹਰਿ ਗੋਬਿੰਦ ਸਾਹਿਬ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਬੀੜਾਂ ਲਿਖੀਆਂ ਗਈਆਂ ਹਨ, ਕੀ ਕੋਈ ਅਜੇਹੀ ਬੀੜ ਹੈ, ਜਿਸ ਵਿਚ ਰਾਗਮਾਲਾ ਨਾ ਲਿਖੀ ਗਈ ਹੋਵੇ? ਗੁਰੂ ਸਾਹਿਬਾਨਾਂ ਦੇ ਸਮਿਆਂ ਦੀਆਂ ਲਿਖੀਆਂ ਹੋਈਆਂ ਸਾਰੀਆਂ ਬੀੜਾਂ ਵਿਚ ਰਾਗਮਾਲਾ ਮੌਜੂਦ ਹੈ।

ਪੁਰਾਤਨ ਬੀੜਾਂ ਅਤੇ ਰਾਗਮਾਲਾ = ੩ ਸਤੰਬਰ ੧੯੪੫ ਈ. ਸ਼ੇਰੇ ਪੰਜਾਬ ਅਖਬਾਰ ਵਿਚ ਸ੍ਰ. ਅਮਰ ਸਿੰਘ ਨੇ ਰਾਗਮਾਲਾ ਬਾਰੇ ਇਉਂ ਲਿਖਿਆਃ- ਔਰ ਗੁਰੂ ਗ੍ਰੰਥ ਔਰ ਦੂਸਰੀ ਬਾਣੀਓਂ ਕੇ ਉਸ ਮਜਮੂਆ ਮੇਂ ਭੀ ਰਾਗਮਾਲਾ ਮੌਜੂਦ ਹੈ ਜੋ ਸੰਮਤ ੧੭੭੦ ਬਿ. ਮੇਂ ਭਾਈ ਮਨੀ ਸਿੰਘ ਜੀ ਨੇ ਮੁਕੰਮਲ ਕੀਆ ਥਾ ਔਰ ਜਿਸ ਕੀ ਬਿਨਾ ਪਰ ਭਾਈ ਜੀ ਕੋ ਪੰਥ ਨੇ ਸਰਾਪ ਦੇ ਦੀਆ।ਯਿਹ ਬੀੜ ਸ੍ਰ.ਗੁਲਾਬ ਸਿੰਘ ਈਰਾਨੀ ਰਈਸ ਅਬਚਲ ਨਗਰ ਸੇ ਲਹੌਰ ਲੇ ਆਏ ਥੇ।

'ਅਫਗਾਨਿਸਤਾਨ ਵਿਚ ਇਕ ਮਹੀਨਾ' ਡਾਕਟਰ ਗੰਡਾ ਸਿੰਘ M.A.Ph.d.Retired Director of Archives Patiala ਨੇ ਇਹ ਪੁਸਤਕ ਲਿਖੀ ਹੈ, ਜੋ ਸ਼੍ਰੋ. ਗੁ. ਪ੍ਰ. ਕਮੇਟੀ ਨੇ ਮਾਰਚ ੧੯੬੨ ਈ. ਵਿਚ ਪ੍ਰਕਾਸ਼ਤ ਕੀਤੀ ਹੈ।ਡਾ.ਗੰਡਾ ਸਿੰਘ ਜੀ ਨੇ ਸਤੰਬਰ ੧੯੫੨ ਵਿਚ ਅਫਗਾਨਿਸਤਾਨ ਦੇ ਕਾਬਲ, ਕੰਧਾਰ, ਗਜ਼ਨੀ, ਜਲਾਲਾਬਾਦ ਆਦਿ ਸ਼ਹਿਰਾਂ ਦੀ ਯਾਤਰਾ ਕਰਕੇ ਵੱਖ ਵੱਖ ਡੇਰਿਆ, ਗੁਰਦੁਆਰਿਆਂ, ਧਰਮਸ਼ਾਲਾਵਾਂ ਵਿਚ ਤਿੰਨ ਦਰਜਨਾਂ ਤੋਂ ਵੱਧ ਹੱਥ ਲਿਖਤ ਬੀੜਾਂ ਦੇ ਦਰਸ਼ਨ ਕੀਤੇ।ਇਨ੍ਹਾਂ ਸਾਰੀਆਂ ਬੀੜਾਂ ਵਿਚ ਰਾਗਮਾਲਾ ਹੈ, ਉਨ੍ਹਾਂ ਵਿਚੋਂ ਕਈ ਬੀੜਾਂ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਦੀਆਂ ਲਿਖੀਆਂ ਹੋਈਆਂ ਹਨ।ਐਸੀਆਂ ਪ੍ਰਮਾਣੀਕ ਗਵਾਹੀਆਂ ਹੋਣ ਦੇ ਬਾਵਜੂਦ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਰਾਗਮਾਲਾ ਕਿਸੇ ਸਿਖ ਨੇ ਬਾਦ ਵਿਚ ਚੋਰੀ ਚੋਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਦਿਤੀ।

ਰਾਗ ਇਕ ਕੋਮਲ ਹੁੱਨਰ ਹੈ, ਇਹ ਨੌਂ ਨਿਧੀਆਂ ਵਿਚੋਂ ਇਕ ਨਿਧੀ ਹੈ, ਇਸ ਨੂੰ ਸਮਝਣਾ ਹਰੇਕ ਬੰਦੇ ਦੇ ਵਸ ਦੀ ਗਲ ਨਹੀਂ। ਜਿਨ੍ਹਾਂ ਲੋਕਾਂ ਨੇ ਰਾਗ ਨੂੰ ਮਨੋਂ ਹੀ ਵਿਸਾਰਿਆ ਹੋਇਆ ਹੈ, ਉਹ ਰਾਗ ਦੀ ਕੀ ਕਦਰ ਜਾਣ ਸਕਦੇ ਹਨ? ਰਾਗ ਦੀ ਕਦਰ ਤਾਂ ਇਕ ਸੰਗੀਤਕਾਰ ਹੀ ਜਾਣ ਸਕਦਾ ਹੈਃ-

ਰਾਗ ਜਾਤ ਰਾਗੀ ਜਾਨੈ, ਬੈਰਾਗੈ ਬੈਰਾਗੀ ਜਾਨੈ, ਤਿਆਗਹਿ ਤਿਆਗੀ ਜਾਨੈ ਦੀਨ ਦਇਆ ਦਾਰ ਹੈ।
ਜੋਗ ਜੁਗਤਿ ਜੋਗੀ ਜਾਨੈ, ਭੋਗ ਰਸ ਭੋਗੀ ਜਾਨੈ, ਰੋਗ ਦੋਖ ਰੋਗੀ ਜਾਨੈ ਪ੍ਰਗਟ ਬਖਾਨ ਹੈ।
ਫੂਲ ਰਾਖ ਮਾਲੀ ਜਾਨੈ, ਪਾਨਹਿ ਤੰਮੋਲੀ ਜਾਨੈ, ਸਕਲ ਸੁਗੰਧਿ ਗਤਿ ਗਾਂਧੀ ਜਾਨਉ ਜਾਨ ਹੈ।
ਰਤਨੈ ਜਉਹਾਰੀ ਜਾਨੈ, ਬਿਹਾਰੈ ਬਿਉਹਾਰੀ ਜਾਨੈ, ਆਤਮ ਪ੍ਰੀਖਿਆ ਕਉ ਬਿਬੇਕੀ ਪਹਿਚਾਨ ਹੈ।

(ਭਾ.ਗੁਰਦਾਸ ਕਬਿਤ # ੬੭੫)

ਇਸੇ ਤਰ੍ਹਾਂ ਗੁਰਬਾਣੀ ਦੇ ਪਦਾਂ ਵਾਕਾਂ ਦੀ ਰਚਨਾ ਅਤੇ ਰਾਗਮਾਲਾ ਦੇ ਪਦਾਂ ਵਾਕਾਂ ਦੀ ਰਚਨਾ ਦਾ ਨੀਯਮ ਵੀ ਇਕੋ ਹੀ ਹੈ।ਭਾਵ ਗੁਰਬਾਣੀ ਅਤੇ ਰਾਗਮਾਲਾ ਦੇ ਪਦਾਂ ਅਤੇ ਵਾਕਾਂ ਦੇ ਅੱਖਰ ਅਤੇ ਮਾਤ੍ਰਾਂ ਆਪਸ ਵਿਚ ਮਿਲਦੇ ਹਨ, ਜਿਵੇਂ ਕਿਃ-

ਭਰੀਐ ਮਤਿ ਪਾਪਾ ਕੈ ਸੰਗਿ (ਜਪੁਜੀ ਸਾਹਿਬ)।	ਰਾਗ ਏਕ ਸੰਗਿ ਪੰਚ ਬਰੰਗਨ (ਰਾਗਮਾਲਾ)।
ਭੈਰਉ ਮਹਲਾ ੧	ਭੈਰਉ ਵੈ ਕਰਹੀ।
ਪਾਚਉ ਲਰਿਕਾ (ਕਬੀਰ)	ਪਾਚਉ ਨਾਰੀ।
ਗੁਰ ਅਰਜੁਨ ਕਉ ਦੇ ਆਇਅਉ	ਪੁਨਿ ਆਇਅਉ ਹਿੰਡੋਲ।
ਮਿਲਿ ਸਾਧੂ ਰਸ ਭੂੰਚਾ (ਦੇਵ ਗੰਧਾਰੀ ਮ.੫)	ਸਭ ਮਿਲਿ ਸਿਰੀਰਾਗ ਵੈ ਗਾਵਹਿ।
ਨਰ ਚਾਹਤ ਕਛੁ ਅਉਰ (ਸਲੋਕ ਮਹਲਾ ੯)	ਅਉਰ ਗੋਂਡ ਗੰਭੀਰ।

ਉਪਰੋਕਤ ਤੱਥਾਂ ਨੂੰ ਧੀਰਜ ਨਾਲ ਵਿਚਾਰਨ ਤੋਂ ਇਕ ਗੱਲ ਨਿੱਖਰ ਕੇ ਸਭ ਦੇ ਸਾਮ੍ਹਣੇ ਆਉਂਦੀ ਹੈ ਕਿ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਈ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਨਿੱਖੜਵਾਂ ਅੰਗ ਬਣੀ ਹੋਈ ਆ ਰਹੀ ਹੈ।

॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥

(੯੧੭)

॥ ਸਮਾਪਤ ॥

ਹੇ ਸੱਚੇ ਪਾਤਸ਼ਾਹ! ਗੁਰਬਾਣੀ ਦੇ ਅਰਥ ਲਿਖਦਿਆਂ ਬੇਅੰਤ ਭੁੱਲਾਂ ਹੋਈਆਂ ਹੋਣਗੀਆਂ।ਕਈ ਜਗ੍ਹਾ ਲਗ ਮਾਤ੍ਰ ਵਧ ਘਟ ਲਗ ਗਈ ਹੋਵੇਗੀ, ਹੇ ਸਤਿਗੁਰੂ ਜੀਓ! ਅਪਣਾ ਨਾਦਾਨ ਸੇਵਕ ਜਾਣ ਕੇ ਮਾਫ ਕਰ ਦੇਣਾ ਜੀ।ਅੱਗੇ ਨੂੰ ਸੁਮੱਤ ਬਖਸ਼ਣੀ ਜੀ।ਮੈਂ ਨਾ ਤਾਂ ਕੋਈ ਖੋਜੀ ਹਾਂ ਅਤੇ ਨਾ ਹੀ ਵਿਦਵਾਨ ਹਾਂ।ਹੇ ਸਤਿਗੁਰੂ ਜੀਓ! ਆਪ ਦਾ ਕੋਟਾਨ ਕੋਟ ਧੰਨਵਾਦ ਹੈ, ਆਪ ਜੀ ਨੇ ਉਦਮ ਅਤੇ ਉਤਸ਼ਾਹ ਬਖਸ਼ ਕੇ ਅਰਥ ਲਿਖਣ ਦੀ ਸੇਵਾ ਕਰਾਈ ਹੈ।

ਹਰਜਿੰਦਰ ਸਿੰਘ ਗਿਆਨੀ

16 APRIL 2009. (10.10 P.M.)